ਅੰਬਰਾਂ ਦੀ ਭਾਲ ਵਿਚ

ਮੋਹ ਨਹੀਂ ਸਕਦੇ ਸੁਨਹਿਰੀ ਪਿੰਜਰੇ ਸਾਨੂੰ ਇਹ 'ਮਾਨ'
ਉੱਡਣਾ ਹਰ ਪਲ ਅਸੀਂ ਤਾਂ ਅੰਬਰਾਂ ਦੀ ਭਾਲ ਵਿਚ।

ਅੰਬਰਾਂ ਦੀ ਭਾਲ ਵਿਚ

(ਗ਼ਜ਼ਲ-ਸੰਗ੍ਰਹਿ)

ਹਰਦਮ ਸਿੰਘ ਮਾਨ

ਹੁਣ ਪ੍ਰਕਾਸ਼ਨ
ਮੋਹਾਲੀ-ਲੰਡਨ

AMBRAN DI BHAAL VICH

Ghazals By:
Hardam Singh Maan
9449, 126 A Street
Surrey BC
Canada V3V7E8
Email. maanhardam@gmail.com

ਸਰਵਰਕ ਦੀ ਵਿਉਂਤ	:	ਸੁਸ਼ੀਲ ਦੁਸਾਂਝ (+91-97813-60066)
ਅੱਖਰ ਕਲਾਕਾਰੀ	:	ਮਹਿੰਗਾ ਸਿੰਘ (+91-99883-34213)
ਮੁੱਲ	:	100
ਸਜਿਲਦ	:	150
ਵਿਦੇਸ਼	:	5 ਪੌਂਡ, 10 ਡਾਲਰ
ਸੰਸਕਰਣ	:	2013
Title	:	Rhett Thurman
Published by	:	Hun Parkashan # 2531/1 DP Society, Sector 67, SAS Nagar, Mohali (Pb.) 160 062 Mobile : 97813 60066 E-mail: susheel_dosanjh@yahoo.co.in
	:	76, Severn Crescent Langley, Slough (Berks) - SL3 8UX UNITED KINGDOM
Printed by	:	K.D. Impressions, PKL +91-86990-03501

All rights are reserved. No Part of this publication may be reproduced, stored in a retrieval system or transmitted, in any from or by any means, mechanical, photocopying, recording or otherwise, without prior written permission of the author and the publisher.

ਸਮਰਪਣ

ਸੁਪਤਨੀ ਕਰਮਜੀਤ, ਬੇਟਾ ਖੁਸ਼ਕੰਵਲ ਅਤੇ
ਬੇਟੀਆਂ ਪਰਮਿੰਦਰ ਤੇ ਨਵਜਿੰਦਰ ਦੇ ਨਾਂ

ਤਰਤੀਬ

ਨਵੇਂ ਅੰਬਰਾਂ ਨੂੰ ਤਲਾਸ਼ਦੀ ਸ਼ਾਇਰੀ	8
ਮੇਰੀ ਗ਼ਜ਼ਲ ਦਾ ਸਫ਼ਰ	11
ਸੁਪਨਿਆਂ ਦੀ ਧਰਤ	13
ਭੀੜ ਹੈ, ਬਾਜ਼ਾਰ ਹੈ	14
ਕੀ ਹੋਇਆ	15
ਪਤਝੜਾਂ ਵਿਚ	16
ਹੱਥਾਂ ਵਿਚ ਗੁਲਦਸਤੇ	17
ਸੋਚਾਂ ਦੇ ਨੈਣਾਂ ਵਿਚ	18
ਜ਼ਿੰਦਗੀ ਵਿਚ ਹਰ ਕਦਮ	19
ਬਹੁਮੁੱਲਾ ਸਰਮਾਇਆ	20
ਨਿਗਲ ਲਏ ਇਨਸਾਨੀ	21
ਜਦੋਂ ਉਹ ਹਾਲ ਪੁੱਛਦੇ ਨੇ	22
ਹੁਣ ਲੋਕ ਇਸ਼ਤਿਹਾਰਾਂ ਵਰਗੇ	23
ਤੇਰੇ ਨਾਂ ਦੇ ਸਾਹਵੇਂ	24
ਚਾਰ ਚੁਫ਼ੇਰੇ	25
ਕਿਰਦਾਰ ਨੇ ਵਿਕਾਊ	26
ਸਾਵਣ ਦੇ ਵੀ ਬੁੱਲ੍ਹ ਤਿਹਰਾਏ	27
ਹੋਠਾਂ 'ਤੇ ਖੁਸ਼ਕੀ	28
ਮੁੱਠੀ ਵਿਚ ਜਿਉਂ ਰੇਤਾ	29
ਹਉਕਿਆਂ ਦੇ ਗਰਭ ਵਿੱਚੋਂ	30
ਕਿਸ਼ਤੀ ਡਾਵਾਂਡੋਲ	31
ਤੇਰੇ ਸ਼ਹਿਰ 'ਚ	32
ਧੁੱਪ ਨੂੰ ਜਿਹੜੇ ਛਾਂ ਲਿਖਦੇ	33
ਗਿਲਾ ਕੋਈ ਨਹੀਂ ਸਾਨੂੰ	34
ਬਹੁਤ ਕੁਝ ਇਹ ਕਹਿਣ	35
ਹਰ ਪਲ ਇਹ	36
ਸ਼ਰਤ ਹੈ	37
ਸਿੱਧਾ ਜਿਹਾ ਪਤਾ ਹੈ	38
ਕਾਲਖ਼ ਸੰਗ ਨਹਾਓ	39
ਪੱਥਰ ਅੱਗੇ ਸੀਸ	40

ਨੈਣਾਂ ਦੇ ਖੁਸ਼ਕ ਦਰਿਆ 41
ਕੇਹੀ ਪਤਝੜ ਆਈ 42
ਦੌਲਤਾਂ ਦੀ ਭਾਲ 43
ਸ਼ੀਸ਼ੇ ਸਾਹਵੇਂ 44
ਪਲ-ਪਲ ਖੇਡੇ ਚਾਲ 45
ਮਨਾਂ ਅੰਦਰ 46
ਵਧੀ ਹੈ ਨੇੜਤਾ 47
ਖੁਸ਼ਕ ਲਿਖ, ਬੇਨੂਰ ਲਿਖ 48
ਸਿਦਕ ਦੇ ਸਾਹਵੇਂ 49
ਵਕਤ ਦੇ ਦਾਅ-ਪੇਚ 50
ਰਾਹਬਰੀ ਦੇ ਪੂਜ 51
ਧਰਤ ਤੋਂ ਆਕਾਸ਼ ਤਕ 52
ਜ਼ਿੰਦਗੀ ਦੇ ਦਰਿਆ ਵਿਚ 53
ਮਨਾਂ ਵਿਚ ਬਾਲੀਏ ਦੀਵੇ 54
ਡਲਕਦੇ ਨੈਣਾਂ ਦੇ ਵਿਚ 55
ਖ਼ਹਿਸ਼ਾਂ ਦੀ ਭਾਲ 56
ਦਰਦ ਦਾ ਇਕ ਗੀਤ 57
ਰੋਜ਼ ਸਾਡੇ ਦਰ 'ਤੇ 58
ਰੰਗ ਸਮੇਂ ਦੇ ਵੇਂਹਦਾ ਚੱਲ 59
ਹਾਮੀ ਭਾਵੇਂ ਸ਼ੀਸ਼ਿਆਂ ਦੀ 60
ਘਰ ਵਿਚ ਹੈ ਖਾਮੋਸ਼ੀ 61
ਮੇਰੇ ਵਿਸ਼ਵਾਸ ਦੀ ਕੀਮਤ 62
ਉਹਨਾਂ ਦਾ ਹਰ ਇਕ ਹੀ ਵਾਅਦਾ 63
ਆਖਿਰ ਉਡ ਹੀ ਜਾਣੈ 64
ਆਪਣੇ ਘਰ ਦੀ ਪਤਝੜ 65
ਸਾਂਝ, ਮੁਹੱਬਤ 66-67
ਪਿਆਰ, ਮੁਹੱਬਤ 68
ਬਣੇ ਖ਼ੁਦਾ ਨੇ ਪੱਥਰ 69
ਦਮਗਜੇ ਤਾਂ ਦੋਸਤੀ 70
ਦੀਵਿਆਂ ਨੇ ਤੋੜਿਆ 71

ਨਵੇਂ ਅੰਬਰਾਂ ਨੂੰ ਤਲਾਸ਼ਦੀ ਸ਼ਾਇਰੀ

ਹਰਦਮ ਸਿੰਘ ਮਾਨ ਪੰਜਾਬੀ ਗ਼ਜ਼ਲ ਵਿਚ ਕੋਈ ਨਵਾਂ ਨਾਂ ਨਹੀਂ, ਉਸ ਦੀ ਸ਼ਾਇਰੀ ਦਾ ਸਫ਼ਰ ਤਿੰਨ ਦਹਾਕਿਆਂ ਤੀਕ ਫੈਲਿਆ ਪਿਆ ਹੈ। ਚੜ੍ਹਦੀ ਜਵਾਨੀ ਵਿਚ ਹੀ ਉਸ ਅੰਦਰ ਪੁੰਗਰਦੇ ਸ਼ਾਇਰ ਦੀ ਨੇੜਤਾ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਜਨਾਬ ਦੀਪਕ ਜੈਤੋਈ ਨਾਲ ਹੋ ਗਈ। ਭਾਵੇਂ ਦੀਪਕ ਸਾਹਿਬ ਦੇ ਸ਼ਾਗਿਰਦਾਂ ਦਾ ਘੇਰਾ ਬਹੁਤ ਵਿਸ਼ਾਲ ਸੀ ਪਰ ਉਨ੍ਹਾਂ ਦੇ ਆਪਣੇ ਇਲਾਕੇ ਜੈਤੋ 'ਚੋਂ ਸਾਡੇ ਇਸ ਸ਼ਾਇਰ ਹਰਦਮ ਸਿੰਘ ਮਾਨ ਦਾ ਨਾਂ ਸਭ ਤੋਂ ਉਭਰਵਾਂ ਸੀ। ਉਸਤਾਦ ਹੋਰਾਂ ਦੀ ਸੰਗਤ ਕਾਰਨ ਇਸ ਸੰਵੇਦਨਸ਼ੀਲ ਕਵੀ ਦੀ ਗ਼ਜ਼ਲਗੋਈ ਵਿਚ ਰੂਪਕ ਤੇ ਵਿਸ਼ੇ ਪੱਖ ਤੋਂ ਨਿਖਾਰ ਆਉਂਦਾ ਗਿਆ, ਫੇਰ ਵੀ ਸਾਊ ਤੇ ਸੰਜਮੀ ਤਬੀਅਤ ਵਾਲੇ ਹਰਦਮ ਸਿੰਘ ਨੇ ਸਥਾਪਤ ਹੋਣ ਦੀ ਜਲਦਬਾਜ਼ੀ ਨਹੀਂ ਕੀਤੀ। ਉਹ ਖਾਮੋਸ਼ੀਆਂ ਵਿਚ ਵਿਚਰਦਾ ਗ਼ਜ਼ਲ ਸਿਰਜਣਾ ਦੇ ਰਾਹ ਪਿਆ ਰਿਹਾ। ਕਦੇ ਕਦੇ ਅਖ਼ਬਾਰਾਂ ਰਸਾਲਿਆਂ ਵਿਚ ਉਸ ਦਾ ਕਲਾਮ ਪੜਨ ਨੂੰ ਮਿਲਦਾ ਜਾਂ ਇਲਾਕੇ ਦੇ ਸਾਹਿਤਕ ਸਮਾਗਮਾਂ ਵਿਚ ਉਸ ਦੀ ਹਾਜ਼ਰੀ ਲਗਦੀ ਰਹੀ ।ਇਸ ਤਰਾਂ ਉਸ ਦਾ ਜ਼ਿਕਰ ਅਦਬੀ ਹਲਕਿਆਂ ਵਿਚ ਆਦਰ ਸਹਿਤ ਹੁੰਦਾ ਰਿਹਾ। ਥੋੜਾ ਸਮਾਂ ਪਹਿਲਾਂ ਉਹ ਪਰਿਵਾਰ ਸਮੇਤ ਕਨੇਡਾ ਦੇ ਸਰੀ ਸ਼ਹਿਰ ਵਿਚ ਜਾ ਵੱਸਿਆ ਅਤੇ ਛੇਤੀ ਹੀ ਬੀ.ਸੀ. ਦੀਆਂ ਸਾਹਿਤਕ ਮਹਿਫ਼ਿਲਾਂ ਦਾ ਅੰਗ ਬਣ ਗਿਆ।

ਇਸ ਸੰਗ੍ਰਹਿ ਵਿਚ ਹਰਦਮ ਸਿੰਘ ਮਾਨ ਨੇ ਹੁਣ ਤਕ ਲਿਖੀਆਂ ਗ਼ਜ਼ਲਾਂ ਸ਼ਾਮਲ ਕੀਤੀਆਂ ਨੇ। ਜ਼ਾਹਿਰ ਹੈ ਇਨਾਂ ਦੀ ਰਚਨਾ ਕਵੀ ਨੇ ਦੇਸ ਰਹਿੰਦਿਆਂ ਕੀਤੀ। ਇਨਾਂ ਗ਼ਜ਼ਲਾਂ ਵਿਚ ਉਸ ਨੇ ਉਪਭੋਗੀ ਕਲਚਰ ਕਾਰਨ ਪੈਦਾ ਹੋਈਆਂ ਸਮਾਜਕ ਵਿਸੰਗਤੀਆਂ ਨੂੰ ਆਪਣੀ ਸਿਰਜਣਾ ਦਾ ਆਧਾਰ ਬਿੰਦੂ ਬਣਾਇਆ ਹੈ। ਉਸ ਦੇ ਬਿਆਨ ਵਿਚ ਸਰਲਤਾ ਤੇ ਸਾਦਗੀ ਹੈ। ਉਸ ਨੇ ਜਨ ਸਧਾਰਨ ਦੇ ਦੁੱਖਾਂ-ਸੁੱਖਾਂ, ਅਹਿਸਾਸਾਂ ਦੀ ਗੱਲ ਆਪਣੀ ਕਾਵਿਕ ਛੋਹ ਦੇ ਕੇ ਉਨਾਂ ਦੀ ਹੀ ਭਾਸ਼ਾ ਵਿਚ ਕੀਤੀ ਹੈ। ਉਸ ਨੇ ਅਜਿਹੇ ਬਿੰਬ ਪ੍ਰਤੀਕ ਵਰਤਣ ਤੋਂ ਗੁਰੇਜ਼ ਕੀਤਾ ਹੈ, ਜਿੰਨਾਂ ਨੂੰ ਸਮਝਣ ਲੱਗਿਆਂ ਕਵਿਤਾ ਦੀ ਰੂਹ ਹੀ ਮਰ ਜਾਵੇ।

ਉਹ ਆਪਣੀ ਗ਼ਜ਼ਲ ਵਿਚ ਵਿਵਸਥਾ ਦੀ ਚੱਕੀ ਵਿਚ ਪਿਸਦੇ ਬੰਦੇ ਦੀ ਦੱਬੀ ਚੀਖ਼ ਨੂੰ ਜ਼ੁਬਾਨ ਦੇਣ ਦੇ ਨਾਲ-ਨਾਲ ਉਹਦੇ ਅੰਦਰ ਉਠਦੇ ਚਾਵਾਂ ਮਲਾਰਾਂ ਦੇ ਛਿਣ-ਭੰਗਰ ਵਰੋਲਿਆਂ ਨੂੰ ਵੀ ਵਿਸਾਰਦਾ ਨਹੀਂ। ਉਸ ਦੀ ਆਸਥਾ ਰੌਸ਼ਨੀ ਤੇ ਮੁਹੱਬਤ

ਭਰੇ ਵਾਤਾਵਰਨ ਵਿਚ ਹੈ। ਜਦੋਂ ਕਿ ਹਕੀਕਤ ਵਿਚ ਹਨੇਰੇ ਤੇ ਨਫ਼ਰਤ ਦੇ ਸਾਏ ਨਿਸ ਦਿਨ ਹੋਰ ਗੂੜ੍ਹੇ ਹੋ ਰਹੇ ਨੇ। ਇਹ ਬੇਬਸੀ ਇਸ ਸੰਵੇਦਨਸ਼ੀਲ ਸ਼ਾਇਰ ਨੂੰ ਡਾਢਾ ਪ੍ਰੇਸ਼ਾਨ ਕਰਦੀ ਹੈ।

ਰੌਸ਼ਨੀ ਦੀ ਝਲਕ ਮਾਤਰ ਵੀ ਨਹੀਂ ਹੋਈ ਨਸੀਬ,
ਸੁੰਨੀਆਂ ਮੜ੍ਹੀਆਂ 'ਚ ਉਹ ਦੀਵੇ ਲਈ ਫਿਰਦੇ ਰਹੇ।

ਭੋਲੇਪਣ ਦੀ ਇਸ ਤੋਂ ਵੱਡੀ ਨਹੀਂ ਮਿਸਾਲ,
ਚਿੜੀਆਂ ਸਮਝਣ ਬਾਜ਼ ਤਾਂ ਆਪਣੀ ਧਿਰ ਦਾ ਹੈ।

ਫੇਰ ਵੀ ਏਸ ਸਥਿਤੀ ਨੂੰ ਹਰਦਮ ਮਾਨ ਕਿਸੇ ਹੋਣੀ ਵਜੋਂ ਸਵੀਕਾਰ ਨਹੀਂ ਕਰਦਾ। ਉਸ ਦਾ ਵਿਸ਼ਵਾਸ ਹੈ ਕਿ ਦੁਸ਼ਵਾਰੀਆਂ ਦੇ ਬਾਵਜੂਦ ਮਨੁੱਖਤਾ ਨੇ ਚੰਗੇਰੇ ਭਵਿੱਖ ਵੱਲ ਅਗਰਸਰ ਹੋਣਾ ਹੀ ਹੋਣਾ ਹੈ।

ਕੀ ਹੋਇਆ ਜੇ ਚਾਰ ਚੁ਼ਫ਼ੇਰੇ ਨੇ੍ਹਰਾ ਹੈ,
ਨੇ੍ਹਰੇ ਦੀ ਕੁੱਖ ਵਿਚ ਹੀ ਸੋਨ ਸਵੇਰਾ ਹੈ।

ਮੋਹ ਨਹੀਂ ਸਕਦੇ ਸੁਨਹਿਰੀ ਪਿੰਜਰੇ ਸਾਨੂੰ ਇਹ 'ਮਾਨ'
ਉੱਡਣਾ ਹਰ ਪਲ ਅਸੀਂ ਤਾਂ ਅੰਬਰਾਂ ਦੀ ਭਾਲ ਵਿਚ।

ਹਰਦਮ ਸਿੰਘ ਮਾਨ ਨੂੰ ਇਲਮ ਹੈ ਕਿ ਯਥਾਸਥਿਤੀ ਬਾਰੇ ਸਪਾਟ ਬਿਆਨੀ ਸ਼ਾਇਰੀ ਨਹੀਂ ਹੁੰਦੀ। ਦਿਲਾਂ ਅੰਦਰ ਵਹਿੰਦੇ ਦਰਿਆਵਾਂ ਦੇ ਉਤਰਾਅ-ਚੜਾਅ ਕਵੀ ਦੇ ਸ਼ਬਦਾਂ ਦਾ ਜਾਮਾ ਪਹਿਨ ਕੇ ਰੂਹ ਦੇ ਪੱਤਣਾਂ ਉਤੇ ਕਵਿਤਾ ਬਣ ਸਾਕਾਰ ਹੋ ਜਾਂਦੇ ਨੇ। ਕਵੀ ਦੇ ਦਰਦ ਦੀ ਹੂਕ ਇਸ ਸ਼ਾਇਰੀ ਵਿਚ ਇਉਂ ਰੂਪਮਾਨ ਹੁੰਦੀ ਹੈ:

ਮੁੱਦਤਾਂ ਤੋਂ ਤਰ ਰਹੇ ਹਾਂ ਏਸ ਨੂੰ ਚੁੱਪ ਚਾਪ ਹੀ,
ਦਰਦ ਦੇ ਦਰਿਆ ਦਾ ਦਿਸਦਾ ਦੂਰ ਤਕ ਸਾਹਿਲ ਨਹੀਂ।

ਆਪਣਾ ਦਰਦ ਛੁਪਾਕੇ ਤਾਹੀਂ ਸੀਨੇ ਅੰਦਰ ਰਖਦਾਂ,
ਅਕਸਰ ਲੋਕੀਂ ਜ਼ਖ਼ਮ ਕੁਰੇਦਣ ਮਰਹੱਮ ਲਾਉਂਦੇ ਲਾਉਂਦੇ।

ਇਸ ਪੁਸਤਕ ਦੀਆਂ ਗ਼ਜ਼ਲਾਂ ਵਿਚ ਆਲੇ-ਦੁਆਲੇ ਦੇ ਬਹੁਰੰਗੀ ਦ੍ਰਿਸ਼ ਹਨ। ਇਨਾਂ ਦ੍ਰਿਸ਼ਾਂ ਦੇ ਕੇਂਦਰ ਵਿਚ ਮਾਨਵੀ ਵੇਦਨਾ ਰੂਪਮਾਨ ਹੈ। ਕਿਤੇ ਕਿਤੇ ਕਵੀ ਮਾਨਵੀ

ਮਨ ਦੀਆਂ ਗਹਿਰਾਈਆਂ ਦੀ ਥਾਹ ਪਾਉਣ ਲਈ ਵੀ ਯਤਨਸ਼ੀਲ ਹੁੰਦਾ ਹੈ। ਪਰ ਉਸ ਦੀ ਮੁੱਖ ਸੁਰ ਉਦਾਸ ਕਰਨ ਵਾਲੇ ਕਰੂਰ ਸੱਚ ਅਤੇ ਇਸ ਦੇ ਪਰਛਾਵਿਆਂ ਦੀ ਨਿਸ਼ਾਨਦੇਹੀ ਕਰਨ ਵਾਲੀ ਹੈ। ਕਿਉਂਕਿ ਕਵੀ ਨੂੰ ਗਿਆਨ ਹੈ ਕਿ ਪ੍ਰਸਥਿਤੀਆਂ ਨੂੰ ਬਦਲਣ ਲਈ ਇਨਾਂ ਨੂੰ ਹਰ ਕੋਣ ਤੋਂ ਜਾਨਣਾ ਬੇਹੱਦ ਜ਼ਰੂਰੀ ਹੈ।

ਹਰ ਕਦਮ 'ਤੇ ਲਟਕਦੇ ਨੇ ਖੂਬਸੂਰਤ ਪਿੰਜਰੇ,
ਭੁੱਲ ਗਿਆ ਪੰਛੀ ਵਿਚਾਰਾ ਆਲਣਾ ਇਸ ਦੌਰ ਵਿਚ।

'ਮਾਨ' ਹਨੇਰਾ ਹੋਰ ਵੀ ਸੰਘਣਾ ਹੋ ਜਾਂਦੈ,
ਦੀਵੇ ਜਦ ਮੜੀਆਂ ਨੂੰ ਰੌਸ਼ਨ ਕਰਦੇ ਨੇ।

ਆਪਣੀ ਸ਼ਾਇਰੀ ਵਿਚ ਹਰਦਮ ਸਿੰਘ ਮਾਨ ਨੇ ਆਪਣੇ ਅਹਿਸਾਸ ਬੇਬਾਕ ਹੋ ਕੇ ਪ੍ਰਗਟਾਏ ਹਨ। ਕਿਤੇ ਕੋਈ ਓਹਲਾ ਨਹੀਂ, ਉਚੇਚ ਨਹੀਂ। ਇਹੋ ਬੇਬਾਕੀ ਉਸ ਦੇ ਕਾਵਿ ਕੌਸ਼ਲ ਦੀ ਵਿਲੱਖਣਤਾ ਹੈ। ਉਹ ਮਾਣ ਨਾਲ ਬਿਆਨ ਕਰਦਾ ਹੈ:

ਤੇਰੇ ਤਮਗੇ ਹੋਣ ਮੁਬਾਰਕ ਤੈਨੂੰ ਹੀ,
ਸਾਨੂੰ ਸ਼ਾਹੀ ਰਾਗ 'ਚ ਗਾਉਣਾ ਆਉਂਦਾ ਨਹੀਂ।

ਉਹਦੀਆਂ ਖ਼ਾਹਿਸ਼ਾਂ ਵਿਚ ਕਿਸੇ ਨਿੱਜੀ ਅੜ੍ਹਿਪਤੀ ਦੀ ਪੂਰਤੀ ਦਾ ਨਹੀਂ, ਸਗੋਂ ਸਮੂਹਿਕ ਪਿਆਸ ਦਾ ਜ਼ਿਕਰ ਹੈ, ਜੋ ਉਸ ਦੀ ਸ਼ਾਇਰੀ ਨੂੰ ਗੌਲਣਯੋਗ ਬਣਾਉਂਦਾ ਹੈ।

ਪੁਜਾਰੀ ਇਸ਼ਕ ਦਾ ਹਾਂ ਮੈਂ ਤੇ ਮਹਿਕਾਂ ਦਾ ਹਾਂ ਵਣਜਾਰਾ,
ਸਦਾ ਲੋਚਾਂ ਕਿ ਏਥੇ ਪਿਆਰ ਦੀ ਵਗਦੀ ਨਦੀ ਹੋਵੇ।

ਆਪਣੀਆਂ ਜੜ੍ਹਾਂ ਤੋਂ ਦੂਰ ਕਨੇਡਾ ਦੀ ਧਰਤੀ 'ਤੇ ਵਸਦਾ ਸ਼ਾਇਰ ਹਰਦਮ ਸਿੰਘ ਮਾਨ ਆਪਣੀ ਸ਼ਾਇਰੀ ਵਿਚ ਪਰਦੇਸ ਦੇ ਅਨੁਭਵ ਅਤੇ ਸਰੋਕਾਰ ਵੀ ਭਰਵੇਂ ਰੂਪ ਵਿਚ ਪੇਸ਼ ਕਰੇਗਾ; ਇਸ ਉਮੀਦ ਨਾਲ ਮੈਂ ਇਸ ਗ਼ਜ਼ਲ- ਸੰਗ੍ਰਹਿ ਨੂੰ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਮਿਤੀ 25 ਮਈ 2013

ਜਸਵਿੰਦਰ
(ਰੋਪੜ)

ਮੇਰੀ ਗ਼ਜ਼ਲ ਦਾ ਸਫ਼ਰ

ਚੜ੍ਹਦੀ ਉਮਰੇ ਆਪਣੇ ਦਿਲੀ ਵਲਵਲਿਆਂ ਨੂੰ ਕਾਵਿਕ ਰੂਪ ਦੇ ਰਿਹਾ ਸਾਂ ਤਾਂ ਉਦੋਂ ਮੇਰੇ ਲਈ ਤੁਕਬੰਦੀ ਹੀ ਗ਼ਜ਼ਲ ਸੀ। ਮੈਂ ਪਿੰਗਲ ਅਰੂਜ਼ ਦੇ ਗਿਆਨ ਤੋਂ ਕੋਰਾ ਸਾਂ। 1981 ਵਿਚ ਆਕਾਸ਼ਵਾਣੀ ਜਲੰਧਰ ਦੇ 'ਯੁਵਵਾਣੀ' ਪ੍ਰੋਗਰਾਮ ਵਿਚ ਮੈਂ ਪਹਿਲਾ ਕਵਿਤਾ-ਪਾਠ ਕੀਤਾ ਅਤੇ ਇਹ ਕਵਿਤਾ-ਪਾਠ ਹੀ ਅਸਲ ਵਿਚ ਮੇਰੀ ਗ਼ਜ਼ਲ ਦੀ ਸ਼ੁਰੂਆਤ ਦਾ ਸਬੱਬ ਬਣਿਆ। ਇਹ ਮੇਰਾ ਸੁਭਾਗ ਹੀ ਸੀ ਕਿ ਮੇਰੇ ਆਪਣੇ ਹੀ ਸ਼ਹਿਰ ਵਿਚ ਰਹਿੰਦੇ ਪੰਜਾਬੀ ਦੇ ਉਸਤਾਦ ਸ਼ਾਇਰ ਮਰਹੂਮ ਦੀਪਕ ਜੈਤੋਈ ਜੀ ਨੇ ਰੇਡੀਓ ਤੋਂ ਮੇਰਾ ਕਵਿਤਾ ਪਾਠ ਸੁਣਿਆ ਅਤੇ ਉਸ ਤੋਂ ਤੀਜੇ ਦਿਨ ਆਪਣੇ ਬੇਟੇ ਬਲਕਰਨ ਸੂਫੀ ਰਾਹੀਂ ਸੁਨੇਹਾ ਭੇਜ ਕੇ ਜੈਤੋਈ ਸਾਹਿਬ ਨੇ ਮੈਨੂੰ ਆਪਣੇ ਕੋਲ ਬੁਲਾ ਲਿਆ। ਮੇਰੇ ਲਈ ਇਹ ਇਕ ਬਹੁਤ ਵੱਡੀ ਪ੍ਰਾਪਤੀ ਸੀ ਕਿ ਏਨੇ ਵੱਡੇ ਸ਼ਾਇਰ ਦੀ ਬੁੱਕਲ ਵਿਚ ਬੈਠਣ ਅਤੇ ਉਨ੍ਹਾਂ ਦਾ ਅਸ਼ੀਰਵਾਦ ਹਾਸਲ ਕਰਨ ਦਾ ਮੌਕਾ ਮੈਨੂੰ ਨਸੀਬ ਹੋਇਆ। ਉਨ੍ਹਾਂ ਦੇ ਉਹ ਬੋਲ ਅਜੇ ਵੀ ਮੈਨੂੰ ਯਾਦ ਹਨ "ਬਰਖੁਰਦਾਰ ਤੇਰਾ ਕਵਿਤਾ ਪਾਠ ਸੁਣਿਆ, ਵਧੀਆ ਸੀ ਪਰ ਅਜੇ ਤੈਨੂੰ ਗ਼ਜ਼ਲ ਬਾਰੇ ਬਹੁਤ ਕੁਝ ਸਿੱਖਣ ਦੀ ਲੋੜ ਹੈ।" ਫਿਰ ਤਾਂ ਅਜਿਹਾ ਸਿਲਸਿਲਾ ਸ਼ੁਰੂ ਹੋਇਆ ਕਿ ਹਰ ਦੂਜੇ ਚੌਥੇ ਦਿਨ ਜੈਤੋਈ ਸਾਹਿਬ ਦੇ ਮੈਂ ਦਰਸ਼ਨ ਕਰਦਾ, ਉਨ੍ਹਾਂ ਦੀ ਸੰਗਤ ਮਾਣਦਾ ਅਤੇ ਗ਼ਜ਼ਲ ਦੀਆਂ ਬਾਰੀਕੀਆਂ ਦਾ ਗਿਆਨ ਹਾਸਲ ਕਰਦਾ।

ਦੀਪਕ ਸਾਹਿਬ ਹੁਰਾਂ ਦੇ ਥਾਪੜੇ ਨਾਲ ਪੰਜਾਬੀ ਸਾਹਿਤ ਸਭਾ ਜੈਤੋ ਦੀ ਅਸੀਂ ਸਥਾਪਨਾ ਕੀਤੀ। ਇਸ ਸਭਾ ਰਾਹੀਂ ਹੀ ਵਿਸ਼ਵ-ਪ੍ਰਸਿੱਧ ਸਾਹਿਤਕਾਰ ਪ੍ਰੋ. ਗੁਰਦਿਆਲ ਸਿੰਘ ਦਾ ਅਸ਼ੀਰਵਾਦ ਪ੍ਰਾਪਤ ਹੋਇਆ ਅਤੇ ਉਨ੍ਹਾਂ ਦੇ ਵਿਸ਼ਾਲ ਸਾਹਿਤਕ ਅਤੇ ਦੁਨਿਆਵੀ ਗਿਆਨ-ਸਾਗਰ ਵਿਚ ਟੁੱਭੀਆਂ ਲਾਉਣ ਦਾ ਮੌਕਾ ਮਿਲਿਆ। ਸਾਹਿਤ ਸਭਾ ਦੀਆਂ ਸਰਗਰਮੀਆਂ ਅਤੇ ਸਮਕਾਲੀ ਸ਼ਾਇਰ ਗੁਰਤੇਜ ਕੋਹਾਰਵਾਲਾ, ਸੁਰਿੰਦਰਪ੍ਰੀਤ ਘਣੀਆਂ, ਮਰਹੂਮ ਰੁਪਿੰਦਰ ਮਾਨ, ਮਰਹੂਮ ਮੰਗਲ ਮਦਾਨ, ਗੁਰਮੀਤ ਮੀਤ ਅਤੇ ਕਹਾਣੀਕਾਰ ਹਰਜਿੰਦਰ ਸਿੰਘ ਸੂਰੇਵਾਲੀਆ ਦੇ ਸੁਝਾਵਾਂ ਨੇ ਮੇਰੀ ਸ਼ਾਇਰੀ ਨੂੰ ਨਿਖਾਰਨ ਵਿਚ ਮਦਦ ਕੀਤੀ। ਮੇਰੀ ਨਿਜੀ ਪੀੜ ਨੂੰ ਲੋਕਾਈ ਪੀੜ ਵੱਲ ਸੇਧਤ ਕਰਨ ਵਿਚ ਅਜਿਹੇ ਲੇਖਕ ਮਿੱਤਰਾਂ ਦਾ ਬੇਹੱਦ ਯੋਗਦਾਨ ਰਿਹਾ ਹੈ।

ਆਪਣੀ ਅੱਜ ਤੱਕ ਦੀ ਸ਼ਾਇਰੀ ਦਾ ਜ਼ਿਕਰ ਕਰਾਂ ਤਾਂ ਇਹੀ ਕਹਾਂਗਾ ਕਿ ਲੇਖਣ

ਦੇ ਕਾਰਜ ਨਾਲ ਜੁੜਣ ਸਦਕਾ ਹੀ ਮੈਂ ਮਾਨਯੋਗ ਸੁਰਜੀਤ ਪਾਤਰ, ਬਰਜਿੰਦਰ ਸਿੰਘ ਹਮਦਰਦ, ਮਰਹੂਮ ਦੀਪਕ ਜੈਤੋਈ, ਮਰਹੂਮ ਰਾਮ ਸਰੂਪ ਅਣਖੀ, ਮਰਹੂਮ ਹਰਭਜਨ ਹਲਵਾਰਵੀ, ਗੁਰਭਜਨ ਗਿੱਲ, ਪ੍ਰਮਿੰਦਰਜੀਤ, ਡਾ. ਲਖਵਿੰਦਰ ਜੌਹਲ, ਕੁਲਦੀਪ ਬੇਦੀ, ਅਜਮੇਰ ਔਲਖ, ਬਲਦੇਵ ਸਿੰਘ ਸੜਕਨਾਮਾ, ਹਰਭਜਨ ਬਟਾਲਵੀ, ਅੰਮ੍ਰਿਤ ਲਾਲ ਪਾਲ, ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਸਾਹਿਤ, ਕਲਾ ਤੇ ਪੱਤਰਕਾਰੀ ਖੇਤਰ ਦੀਆਂ ਹੋਰ ਕਈ ਵੱਡੀਆਂ ਹਸਤੀਆਂ ਨਾਲ ਨੇੜਤਾ ਕਾਇਮ ਕਰ ਸਕਿਆ। ਜ਼ਿੰਦਗੀ ਕੀ ਹੈ, ਜ਼ਿੰਦਗੀ ਦੇ ਅਰਥ ਕੀ ਨੇ, ਜ਼ਿੰਦਗੀ ਦੀ ਖੂਬਸੂਰਤੀ ਕੀ ਹੈ, ਇਸ ਸਭ ਕੁਝ ਨੂੰ ਸਮਝਣ ਤੇ ਜ਼ਿੰਦਗੀ ਨੂੰ ਮਾਣਨ ਦੀ ਸੋਝੀ ਵੀ ਲਿਖਣ, ਪੜ੍ਹਨ ਦੇ ਕਾਰਜ ਵਿਚੋਂ ਹੋਈ।

ਅੱਜ ਜਦੋਂ ਇਹ ਗ਼ਜ਼ਲ-ਸੰਗ੍ਰਹਿ ਪੰਜਾਬੀ ਪਾਠਕਾਂ ਅਤੇ ਵਿਦਵਾਨਾਂ ਦੀ ਕਚਹਿਰੀ ਵਿਚ ਪੇਸ਼ ਹੋ ਰਿਹਾ ਹੈ ਤਾਂ ਇਸ ਕਾਰਜ ਲਈ ਮੇਰੇ ਸਹਿਯੋਗੀ ਅਤੇ ਪ੍ਰੇਰਨਾ ਸਰੋਤ ਬਣੇ ਜਸਵਿੰਦਰ (ਰੋਪੜ), ਡਾ. ਬਰਜਿੰਦਰ ਚੌਹਾਨ, ਸੁਸ਼ੀਲ ਦੋਸਾਂਝ, ਸੁਲੱਖਣ ਸਿੰਘ ਸਰਹੱਦੀ, ਬਲਜੀਤਪਾਲ ਸਿੰਘ ਅਤੇ ਬੂਟਾ ਸਿੰਘ ਚੌਹਾਨ ਦਾ ਧੰਨਵਾਦ ਕਰਨਾ ਵੀ ਮੈਂ ਆਪਣਾ ਫਰਜ਼ ਸਮਝਦਾ ਹਾਂ।

ਅੱਜ ਕੈਨੇਡਾ ਦੀ ਧਰਤੀ ਤੇ ਪੰਜਾਬੀ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਸਤਿਕਾਰਤ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਕ੍ਰਿਸ਼ਨ ਭਨੋਟ, ਇੰਦਰਜੀਤ ਸਿੰਘ ਧਾਮੀ, ਗੁਰਚਰਨ ਟੱਲੇਵਾਲੀਆ, ਮੋਹਨ ਗਿੱਲ, ਗਿਆਨ ਸਿੰਘ ਕੋਟਲੀ, ਰਾਜਵੰਤ ਸਿੰਘ ਬਾਗੜੀ, ਗੁਰਮੇਲ ਬਦੇਸ਼ਾ, ਗੁਰਦੀਪ ਸਿੰਘ ਬਰਾੜ ਦੇ ਰੂਬਰੂ ਹੋਣ ਦਾ ਸਬੱਬ ਵੀ ਮੇਰੀ ਗ਼ਜ਼ਲ ਯਾਤਰਾ ਕਾਰਨ ਹੀ ਸੰਭਵ ਹੋ ਸਕਿਆ ਹੈ। ਮੈਂ ਆਸਵੰਦ ਹਾਂ ਕਿ ਮੇਰਾ ਅਗਲਾ ਸਾਹਿਤਕ ਸਫਰ ਅਜਿਹੇ ਦੋਸਤਾਂ ਦੀ ਬਦੌਲਤ ਮੇਰੇ ਕਾਵਿ-ਮੁਹਾਵਰੇ ਦੀ ਪਰਪੱਕਤਾ ਵੱਲ ਸਰਗਰਮ ਰਹੇਗਾ ਅਤੇ ਲੋਕਾਈ ਤੇ ਸਮਿਆਂ ਦੇ ਦਰਦ ਦੀ ਤਰਜਮਾਨੀ ਕਰਦਾ ਰਹੇਗਾ।

ਹਰਦਮ ਸਿੰਘ ਮਾਨ



ਸੁਪਨਿਆਂ ਦੀ ਧਰਤ ਬੰਜਰ ਅੱਜ ਸਮੇਂ ਦੀ ਅੱਖ ਵਿਚ।
ਦੂਰ ਤਕ ਖੰਡਰ ਹੀ ਖੰਡਰ ਅੱਜ ਸਮੇਂ ਦੀ ਅੱਖ ਵਿਚ।

ਉਪਜਦੇ ਨੇ ਜ਼ਖ਼ਮ, ਪੀੜਾਂ, ਦਰਦ, ਹੌਕੇ ਨਿਤ ਨਵੇਂ,
ਬੀਜ ਦਿੱਤੇ ਕਿਸ ਨੇ ਕੰਕਰ ਅੱਜ ਸਮੇਂ ਦੀ ਅੱਖ ਵਿਚ।

ਮੋਤੀਆਂ ਦੇ ਢੇਰ ਉੱਤੇ ਕਾਵਾਂ ਰੌਲੀ ਪੈ ਰਹੀ,
ਚੁਗ ਰਹੇ ਨੇ ਹੰਸ ਪੱਥਰ ਅੱਜ ਸਮੇਂ ਦੀ ਅੱਖ ਵਿਚ।

ਕਿਸ ਹਵਾ ਨੇ ਡਸ ਲਿਆ ਹੈ ਇਨ੍ਹਾਂ ਦਾ ਅਣਖੀ ਜਲੌਅ,
ਸ਼ਾਂਤ ਨੇ ਸਾਰੇ ਹੀ ਅੱਖਰ ਅੱਜ ਸਮੇਂ ਦੀ ਅੱਖ ਵਿਚ।

ਹੁਣ ਤਾਂ ਚਿਹਰੇ ਨਿਕਲਦੇ ਨੇ ਪਹਿਨ ਕੇ ਹਰ ਪਲ ਨਕਾਬ,
ਗ਼ੈਰ ਵੀ ਲਗਦੇ ਨੇ ਮਿੱਤਰ ਅੱਜ ਸਮੇਂ ਦੀ ਅੱਖ ਵਿਚ।

ਉਹ ਮਨਾਉਂਦੇ ਨੇ ਜਸ਼ਨ, ਕਹਿੰਦੇ ਨਵਾਂ ਇਹ ਦੌਰ ਹੈ,
ਵਿਛ ਰਹੇ ਨੇ ਥਾਂ-ਥਾਂ ਸੱਥਰ ਅੱਜ ਸਮੇਂ ਦੀ ਅੱਖ ਵਿਚ।

ਆਓ ਰਲ ਮਿਲ ਡੀਕ ਜਾਈਏ ਇਹਦਾ ਕਤਰਾ-ਕਤਰਾ 'ਮਾਨ',
ਦਰਦ ਦਾ ਵਗਦਾ ਸਮੁੰਦਰ ਅੱਜ ਸਮੇਂ ਦੀ ਅੱਖ ਵਿਚ।

ਭੀੜ ਹੈ, ਬਾਜ਼ਾਰ ਹੈ ਪਰ ਕਿਧਰੇ ਵੀ ਹਲਚਲ ਨਹੀਂ।
ਕਿਸ ਤਰ੍ਹਾਂ ਦਾ ਸ਼ਹਿਰ ਹੈ, ਦਿਸਦੀ ਕੋਈ ਮਹਿਫ਼ਿਲ ਨਹੀਂ।

ਹੰਝੂਆਂ ਵਿਚ ਭਿੱਜ ਗਏ ਨੇ ਬੋਲ ਸਾਰੇ ਸ਼ਹਿਰ ਦੇ,
ਕਿੰਜ ਕਹਾਂ ਫਿਰ ਦੋਸਤੋ! ਮੈਂ ਕਤਲ ਵਿਚ ਸ਼ਾਮਲ ਨਹੀਂ।

ਬਿਸਤਰੇ ਵਿਚ ਲੇਟ ਕੇ ਅਕਸਰ ਹੀ ਉਹ ਨੇ ਸੋਚਦੇ,
ਸਾਡਿਆਂ ਕਦਮਾਂ 'ਚ ਆ ਕੇ ਰੁਕਦੀ ਕਿਉਂ ਮੰਜ਼ਿਲ ਨਹੀਂ।

ਬਾਗ਼ ਅੰਦਰ ਚਾਰੇ ਪਾਸੇ ਕਾਵਾਂ ਰੌਲੀ ਪੈ ਰਹੀ,
ਹੁਣ ਕਿਸੇ ਵੀ ਟਹਿਣੀ ਉੱਤੇ ਕੂਕਦੀ ਕੋਇਲ ਨਹੀਂ।

ਮੁੱਦਤਾਂ ਤੋਂ ਤਰ ਰਹੇ ਹਾਂ ਏਸ ਨੂੰ ਚੁਪ ਚਾਪ ਹੀ,
ਦਰਦ ਦੇ ਦਰਿਆ ਦਾ ਦਿਸਦਾ ਦੂਰ ਤਕ ਸਾਹਿਲ ਨਹੀਂ।

ਖਾਹ-ਮਖਾਹ ਨਾ ਕਰ ਜਮ੍ਹਾਂ ਤੂੰ ਮੈਨੂੰ ਆਪਣੇ ਆਪ ਵਿਚ,
ਮੈਂ ਅਜਿਹਾ ਹਿੰਦਸਾ ਹਾਂ, ਜਿਸ ਦਾ ਕੋਈ ਹਾਸਲ ਨਹੀਂ।



ਕੀ ਹੋਇਆ ਜੇ ਚਾਰ-ਚੁਫ਼ੇਰੇ ਨੇਰ੍ਹਾ ਹੈ।
ਨੇਰ੍ਹੇ ਦੀ ਕੁੱਖ ਵਿਚ ਹੀ ਸੋਨ ਸਵੇਰਾ ਹੈ।

ਚੰਦ ਪਲਾਂ ਦੀ ਖ਼ੁਸ਼ਬੂ ਹੈ, ਅਹੁ ਜਿਸਮਾਂ ਦੀ,
ਆਹ ਮੁੜ੍ਹਕੇ ਦਾ ਜੀਵਨ ਬਹੁਤ ਲੰਮੇਰਾ ਹੈ।

ਝੀਥਾਂ ਵਿਚਦੀ ਵੇਖਣ ਜੀਵਨ ਚਿੱਤਰ ਜੋ,
ਉਹ ਕੀ ਜਾਣਨ ਇਸ ਦਾ ਕੌਣ ਚਿਤੇਰਾ ਹੈ।

ਬੱਦਲਾਂ ਦੀ ਛਾਂ ਉੱਤੇ ਤੈਨੂੰ ਮਾਣ ਬੜਾ,
ਬੋਹੜਾਂ ਦੀ ਛਾਂ ਵਰਗਾ ਸਾਡਾ ਜੇਰਾ ਹੈ।

ਬੂਹੇ ਉੱਤੇ ਫੁੱਲਾਂ ਲੱਦੀ ਵੇਲ ਸਜੇ,
ਘਰ ਅੰਦਰ ਤਾਂ ਪਤਝੜ ਦਾ ਬਸੇਰਾ ਹੈ।

ਹਾਲੇ ਵੀ ਹੈ ਜਗਮਗ ਯਾਰੋ! ਮੜ੍ਹੀਆਂ ਵਿਚ,
ਦੀਵੇ ਬਾਝੋਂ ਸੱਖਣਾ ਪਿਆ ਬਨੇਰਾ ਹੈ।

ਦੌਲਤਮੰਦਾਂ ਦੀ ਬਸਤੀ ਵਿਚ ਰਹਿੰਦੈ 'ਮਾਨ',
ਉਸ ਦਾ ਤਾਂ ਹਰ ਪਲ ਹੀ ਡਾਂਗ 'ਤੇ ਡੇਰਾ ਹੈ।



ਪਤਝੜਾਂ ਵਿਚ ਗੁਲਾਬ ਨਾ ਮਿਲਦੇ।
ਮੁੱਲ ਕਿਤੋਂ ਵੀ ਖ਼ੁਆਬ ਨਾ ਮਿਲਦੇ।

ਹਵਸ, ਦੌਲਤ, ਵਪਾਰ ਹਰ ਪਾਸੇ,
ਹੁਣ ਦਿਲਾਂ ਦੇ ਨਵਾਬ ਨਾ ਮਿਲਦੇ।

ਰਾਤ ਕਾਲੀ, ਸਫ਼ੈਦ ਹੈ ਫ਼ਤਵਾ,
ਦੀਵਿਆਂ ਨੂੰ ਖ਼ਿਤਾਬ ਨਾ ਮਿਲਦੇ।

ਹਰ ਕਦਮ 'ਤੇ ਸਵਾਲ ਨੇ ਲੱਖਾਂ,
ਲੱਖ ਲੱਭੀਏ, ਜਵਾਬ ਨਾ ਮਿਲਦੇ।



ਹੱਥਾਂ ਵਿਚ ਗੁਲਦਸਤੇ, ਸੋਚਾਂ ਵਿਚ ਪੱਥਰ ਨੇ।
ਕੀ ਪੁੱਛਦੇ ਹੋ ਯਾਰੋ? ਇਹ ਸਾਡੇ ਰਾਹਬਰ ਨੇ।

ਫੁੱਲ ਭਰਦੇ ਨੇ ਖ਼ੁਸ਼ਬੂ ਖ਼ਾਬਾਂ, ਸੋਚਾਂ ਅੰਦਰ,
ਪੱਥਰ ਪੈਰ-ਪੈਰ 'ਤੇ ਦੇ ਜਾਂਦੇ ਠੋਕਰ ਨੇ।

ਦਰਦ, ਦਵਾ-ਦਾਰੂ ਦਾ ਏਥੇ ਜ਼ਿਕਰ ਨਾ ਕੋਈ,
ਲਗਦੈ ਸ਼ਹਿਰ 'ਚ ਜੀਕਣ ਵਸਦੇ ਸਭ ਪੱਥਰ ਨੇ।

ਮਹਿਕ ਇਨ੍ਹਾਂ ਦੀ ਕੋਈ-ਕੋਈ ਮਹਿਸੂਸ ਕਰੇ,
ਹਰ ਮਨ ਦੇ ਗੁਲਸ਼ਨ ਵਿਚ ਫੁੱਲ ਖਿੜਦੇ ਅਕਸਰ ਨੇ।

ਕਿੰਨਾ ਬਦਲ ਗਿਆ ਹੈ ਅੱਜ ਸ਼ਹਿਰ ਦਾ ਕਾਰੋਬਾਰ,
ਤਖ਼ਤਾਂ, ਤਾਜਾਂ ਲਈ ਹੁਣ ਸਿਰ ਵਿਕਦੇ ਦਰ-ਦਰ ਨੇ।

ਪੱਤੀ-ਪੱਤੀ ਹੋ ਕੇ ਫੁੱਲ ਤਾਂ ਆਪਾ ਵਾਰਨ,
ਪੱਥਰ ਫਿਰ ਵੀ ਰਹਿੰਦੇ ਪੱਥਰ ਦੇ ਪੱਥਰ ਨੇ।

ਮਨ ਦੇ ਵਿਹੜੇ ਫਿਰ ਵੀ 'ਮਾਨ' ਖ਼ੁਸ਼ੀ ਨਾ ਚਹਿਕੀ,
ਘਰ 'ਚ ਸਜਾ ਕੇ ਰੱਖੇ ਕਿੰਨੇ ਸੰਗਮਰਮਰ ਨੇ।

ਸੋਚਾਂ ਦੇ ਨੈਣਾਂ ਵਿਚ ਜੇਕਰ ਚਾਨਣ ਦੀ ਲੋਅ ਪਾਉਂਦੇ।
ਫਿਰ ਨਾ ਅੰਨ੍ਹੀ ਭੀੜ ਦੇ ਪਾਤਰ ਯਾਰੋ ਅਸੀਂ ਕਹਾਉਂਦੇ।

ਤਪਦੇ ਥਲ 'ਤੇ ਵਰਖਾ ਹੋਣ ਦਾ ਜੋ ਨੇ ਭਰਮ ਸਜਾਉਂਦੇ,
ਉਹ ਬੁੱਲ੍ਹਾਂ 'ਤੇ ਜੀਭ ਫੇਰ ਕੇ ਆਖ਼ਿਰ ਪਿਆਸ ਬੁਝਾਉਂਦੇ।

ਆਪਣੇ ਸ਼ਹਿਰ 'ਚ ਥਾਂ-ਥਾਂ ਐਸੇ ਵੇਖਾਂ ਰੋਜ਼ 'ਮਸੀਹੇ'
ਜੋ ਨੇ ਬਾਲ ਮਨਾਂ ਦੇ ਸੁਪਨੇ ਬੁੱਤ ਦੀ ਭੇਟ ਚੜ੍ਹਾਉਂਦੇ।

ਆਪਣਾ ਦਰਦ ਛੁਪਾ ਕੇ ਤਾਂ ਹੀ ਸੀਨੇ ਅੰਦਰ ਰਖਦਾਂ,
ਅਕਸਰ ਲੋਕੀਂ ਜ਼ਖ਼ਮ ਕੁਰੇਦਣ ਮਰਹਮ ਲਾਉਂਦੇ ਲਾਉਂਦੇ।

ਤੇਰੇ ਸ਼ਹਿਰ 'ਚ ਸੰਗਮਰਮਰ ਦੇ ਬੁੱਤਾਂ ਦੀ ਹੀ ਮਹਿਮਾ
ਆਪਣੀ ਦਰਦ ਕਹਾਣੀ ਯਾਰਾ ! ਕਿਸ ਨੂੰ ਅਸੀਂ ਸੁਣਾਉਂਦੇ।



ਜ਼ਿੰਦਗੀ ਵਿਚ ਹਰ ਕਦਮ ਕੰਡੇ ਵਿਛਾਏ ਹੋਣਗੇ।
ਜ਼ਖ਼ਮ ਆਪਣੇ ਹੋਣਗੇ, ਆਪਣੇ ਪਰਾਏ ਹੋਣਗੇ।

ਚੁੱਪ ਕੰਧਾਂ, ਖ਼ਾਲੀ ਨਜ਼ਰਾਂ ਹਾਲ ਤੇਰਾ ਦਸਦੀਆਂ,
ਰਾਤ ਭਰ ਦਹਿਲੀਜ਼ 'ਤੇ ਮੋਤੀ ਖਿੰਡਾਏ ਹੋਣਗੇ।

ਖਿੜਖਿੜਾ ਕੇ ਹੱਸ ਰਹੇ ਨੇ ਇਹ ਜੋ ਫੁੱਲਾਂ ਵਾਂਗਰਾਂ,
ਕੰਡਿਆਂ ਥੀਂ ਇਨ੍ਹਾਂ ਨੇ ਸੀਨੇ ਵਿੰਨ੍ਹਾਏ ਹੋਣਗੇ।

ਜਦ ਕਦੇ ਵੀ ਸੋਚਾਂ ਅੰਦਰ ਉਕਰਿਆ ਹੋਣੈ ਅਤੀਤ,
ਖੁਸ਼ਕ ਨੈਣਾਂ ਦੇ ਦੋ ਦਰਿਆ ਛਲਕ ਆਏ ਹੋਣਗੇ।

ਦੁੱਧ ਧੋਤੇ ਜਾਪਦੇ ਜੋ 'ਮਾਨ' ਰਾਹਬਰ ਸ਼ਹਿਰ ਦੇ,
ਕਾਲੀਆਂ ਰਾਤਾਂ 'ਚ ਲਗਦੈ ਇਹ ਨਹਾਏ ਹੋਣਗੇ।

ਬਹੁਮੁੱਲਾ ਸਰਮਾਇਆ ਚਾਨਣ।
ਕਿਸੇ ਕਿਸੇ ਨੇ ਪਾਇਆ ਚਾਨਣ।

ਮਨ ਅੰਦਰ ਤਾਂ ਲਟਕਣ ਜਾਲੇ,
ਤਨ 'ਤੇ ਖ਼ੂਬ ਸਜਾਇਆ ਚਾਨਣ।

ਨ੍ਹੇਰੇ ਦੀ ਹਰ ਕਾਤਰ ਸ਼ਾਤਰ,
ਪੱਥਰਾਂ 'ਤੇ ਖੁਣਵਾਇਆ ਚਾਨਣ।

ਸ਼ਹਿਰ ਦੀ ਜਗਮਗ ਨਿਰਾ ਛਲਾਵਾ,
ਇਹ ਨਾ ਸਮਝ ਕਿ ਆਇਆ ਚਾਨਣ।

ਯਤਨ ਬੜੇ ਕੀਤੇ ਕਾਲਖ਼ ਨੇ,
ਗਿਆ ਨਾ ਪਰ ਦਫ਼ਨਾਇਆ ਚਾਨਣ।

ਕੂੜ ਨੇ ਕੀਤੀ ਰਾਤ ਦੀ ਰਾਖੀ,
ਸੱਚ ਨੇ ਸੀਨੇ ਲਾਇਆ ਚਾਨਣ।

ਸਾਡੇ ਸੁਪਨੇ ਨ੍ਹੇਰ 'ਚ ਰੁਲ'ਗੇ,
ਸਾਡਾ ਕਿਸ ਹਥਿਆਇਆ ਚਾਨਣ।

ਦੀਪ ਜਦੋਂ ਮੱਥੇ ਵਿਚ ਬਲਿਆ,
'ਮਾਨ' ਉਦੋਂ ਹੀ ਆਇਆ ਚਾਨਣ।

ਨਿਗਲ ਲਏ ਇਨਸਾਨੀ ਕਿਰਦਾਰ ਸਿਆਸਤ ਨੇ।
ਕਰ'ਤੇ ਲੋਕ ਨਕਾਰਾ, ਲਾਚਾਰ ਸਿਆਸਤ ਨੇ।

ਲਿਖ'ਤੀ ਭੁੱਖ, ਗ਼ਰੀਬੀ ਹਰ ਘਰ ਦੇ ਬੂਹੇ 'ਤੇ,
ਕੁਝ ਥਾਂ ਲਾਏ ਧਨ ਦੇ ਅੰਬਾਰ ਸਿਆਸਤ ਨੇ।

ਬੇਈਮਾਨੀ, ਧੋਖਾ, ਠੱਗੀ, ਚੋਰੀ, ਨਫ਼ਰਤ
ਲੋਕ-ਲਹੂ ਵਿਚ ਕੀਤੇ ਸੰਚਾਰ ਸਿਆਸਤ ਨੇ।

ਵਿਸ਼ਵਾਸ, ਵਫ਼ਾ, ਈਮਾਨ, ਹੋਏ ਨੇ ਲਹੂ-ਲੁਹਾਨ,
ਸ਼ਰਮ, ਹਯਾ ਦੇ ਲਾਹ'ਤੇ ਲੰਗਾਰ ਸਿਆਸਤ ਨੇ।

ਝੂਠ, ਫਰੇਬ ਤੇ ਸਿਰ 'ਤੇ ਤਾਜ ਸਜੇ ਨੇ ਵੇਖੋ!
ਰੋਲੀ ਹਰ ਥਾਂ ਸੱਚ ਦੀ ਦਸਤਾਰ ਸਿਆਸਤ ਨੇ।

ਮਾਂ-ਪਿਓ, ਭੈਣ-ਭਰਾ ਨੇ ਅੱਜ ਕਲ ਵੋਟਰ ਪਰਚੀ
ਰਿਸ਼ਤਿਆਂ ਦੇ ਇਥੋਂ ਛਾਂਗੇ ਆਕਾਰ ਸਿਆਸਤ ਨੇ।

ਫਿਰਕੂ ਰੰਗ ਚੜ੍ਹਾ ਕੇ, ਜਜ਼ਬੇ ਸਾਨ'ਤੇ ਲਾ ਕੇ,
ਧਰਮ ਦਾ ਚਿਹਰਾ ਕੀਤਾ ਖੂੰਖਾਰ ਸਿਆਸਤ ਨੇ।

ਇਸ ਦੀ ਕੈਰੀ ਅੱਖ ਤੋਂ ਬਚ ਨਾ ਸਕਿਆ ਕੋਈ,
ਪਲ ਵਿਚ ਕਰੇ ਨਿਹੱਕੇ, ਹੱਕਦਾਰ ਸਿਆਸਤ ਨੇ।

ਜੇ ਨਾ ਲੋਕ-ਮਨਾਂ ਵਿਚ ਚਾਨਣ ਦੀ ਪਹੁ-ਫੁੱਟੀ,
ਲੁੱਟਣੈ ਇਸੇ ਤਰ੍ਹਾਂ ਹੀ ਹਰ ਵਾਰ ਸਿਆਸਤ ਨੇ।



ਜਦੋਂ ਉਹ ਹਾਲ ਪੁੱਛਦੇ ਨੇ ਤਾਂ ਦੁਨੀਆ ਚੰਗੀ ਲਗਦੀ ਹੈ।
ਦਿਲਾਂ ਦੀ ਬਾਤ ਪਾਉਂਦੇ ਨੇ ਤਾਂ ਦੁਨੀਆ ਚੰਗੀ ਲਗਦੀ ਹੈ।

ਜਦੋਂ ਦਰ ਸੱਚ ਦੇ ਖੁਲ੍ਹਦੇ ਨੇ ਤਾਂ ਦੁਨੀਆ ਚੰਗੀ ਲਗਦੀ ਹੈ।
ਹਨ੍ਹੇਰੇ, ਕੂੜ ਨਸਦੇ ਨੇ ਤਾਂ ਦੁਨੀਆ ਚੰਗੀ ਲਗਦੀ ਹੈ।

ਚੁਫ਼ੇਰੇ ਪਸਰਿਆ ਨ੍ਹੇਰਾ ਕਦੇ ਇਹ ਸਹਿਣ ਨਾ ਕਰਦੇ,
ਇਹ ਜੁਗਨੂੰ ਟਿਮਟਿਮਾਉਂਦੇ ਨੇ ਤਾਂ ਦੁਨੀਆ ਚੰਗੀ ਲਗਦੀ ਹੈ।

ਕਿਤੇ ਕੰਡੇ ਵਿਛਾਏ ਨੇ, ਕਿਤੇ ਕੰਕਰ ਨੇ ਰਾਹਾਂ ਵਿਚ,
ਮੁਸਾਫ਼ਿਰ ਚਲਦੇ ਰਹਿੰਦੇ ਨੇ ਤਾਂ ਦੁਨੀਆ ਚੰਗੀ ਲਗਦੀ ਹੈ।

ਘਰਾਂ ਅੰਦਰ, ਬਨੇਰੇ 'ਤੇ, ਮਨਾਂ ਅੰਦਰ ਜਾਂ ਮੱਥੇ 'ਤੇ
ਜਦੋਂ ਵੀ ਦੀਪ ਜਗਦੇ ਨੇ ਤਾਂ ਦੁਨੀਆ ਚੰਗੀ ਲਗਦੀ ਹੈ।

ਹੁਣ ਲੋਕ ਇਸ਼ਤਿਹਾਰਾਂ ਵਰਗੇ।
ਸਿਆਸਤ ਦੇ ਕਿਰਦਾਰਾਂ ਵਰਗੇ।

ਸ਼ਹਿਰ ਤੇਰੇ ਵਿਚ ਕਾਹਦਾ ਜੀਣਾ,
ਬੰਦੇ ਨੇ ਬੀਮਾਰਾਂ ਵਰਗੇ।

ਹੂਕ ਇਨ੍ਹਾਂ ਦੀ ਕਦੇ ਤਾਂ ਸੁਣ ਲੈ
ਰੁੱਖ ਹੁੰਦੇ ਫ਼ਨਕਾਰਾਂ ਵਰਗੇ।

ਸਦਾ ਨਹੀਂ ਇਹ ਪਤਝੜ ਰਹਿਣੀ,
ਆਉਣੇ ਦਿਨ ਗੁਲਜ਼ਾਰਾਂ ਵਰਗੇ।

ਸਿਰ ਦੀ ਗੱਲ ਜਾਂ ਦਿਲ ਦਾ ਸੌਦਾ,
ਸੌਦੇ ਨਹੀਂ ਬਾਜ਼ਾਰਾਂ ਵਰਗੇ।

ਕੀ ਤੇਰਾ ਇਤਬਾਰ ਕਰਾਂ ਮੈਂ,
ਵਾਅਦੇ ਨੇ ਸਰਕਾਰਾਂ ਵਰਗੇ।

ਟਾਵੇਂ-ਟਾਵੇਂ ਨੇ ਜੈਤੋ ਵਿਚ
'ਮਾਨ' ਜਿਹੇ ਦਿਲਦਾਰਾਂ ਵਰਗੇ।

ਤੇਰੇ ਨਾਂ ਦੇ ਸਾਹਵੇਂ ਦਰਿਆ ਲਿਖਦਾ ਹਾਂ।
ਆਪਣੀ ਹਸਤੀ ਮੈਂ ਤਾਂ ਕਤਰਾ ਲਿਖਦਾ ਹਾਂ।

ਵੇਖ ਰਿਹਾਂ ਨਿਤ ਖੁਸ਼ਹਾਲੀ ਦੇ ਅਰਥ ਨਵੇਂ,
ਤਾਂ ਹੀ ਪੀੜਾਂ, ਹੰਝੂ, ਹਉਕਾ ਲਿਖਦਾ ਹਾਂ।

ਧਰਮ, ਵਪਾਰੀ, ਨੇਤਾ, ਕੁਰਸੀ, ਕਾਤਲ, ਚੋਰ,
ਕਿੰਨਾ ਹੈ ਇਹ ਗੂੜ੍ਹਾ ਰਿਸ਼ਤਾ ਲਿਖਦਾ ਹਾਂ।

ਸ਼ਹਿਰ ਤੇਰੇ ਦੀ ਜਗਮਗ ਭਰਮ, ਛਲਾਵਾ ਹੈ,
ਲੋਕ-ਮਨਾਂ ਵਿਚ ਪਲਦਾ ਨ੍ਹੇਰਾ ਲਿਖਦਾ ਹਾਂ।

ਸਾਡੇ ਘਰੀਂ ਬਹਾਰਾਂ ਵਰਜਿਤ ਨਹੀਂ ਕਿਉਂ 'ਮਾਨ'
ਮੌਸਮ ਦੇ ਮੱਥੇ 'ਤੇ ਸ਼ਿਕਵਾ ਲਿਖਦਾ ਹਾਂ।

ਚਾਰ ਚੁਫ਼ੇਰੇ ਦਲਦਲ ਦਲਦਲ।
ਯਾਰੋ! ਤੁਰਨਾ ਸੰਭਲ ਸੰਭਲ।

ਰੁੱਤਾਂ ਸਖ਼ਤ ਕੁਰੱਖਤ ਨੇ ਬਹੁਤ,
ਜਜ਼ਬੇ ਸਾਡੇ ਕੋਮਲ ਕੋਮਲ।

ਰਖਵਾਲੇ ਕੌਣ, ਲੁਟੇਰੇ ਕੌਣ?
ਸਾਰੇ ਸ਼ਹਿਰ 'ਚ ਮੱਚੀ ਹਲਚਲ।

ਵਿਸ਼ਵਾਸ, ਵਫ਼ਾ ਤਾਂ ਵਸਤਰ ਨੇ
ਲੋਕ ਬਦਲਦੇ ਛਿਣ-ਛਿਣ, ਪਲ-ਪਲ।

ਖ਼ੁਦਗਰਜ਼ੀ ਦੇ ਅੰਨ੍ਹੇ ਯੁਗ ਵਿਚ,
ਹਰ ਬੰਦਾ ਹੈ ਦੌੜ 'ਚ ਸ਼ਾਮਲ।

ਪੈਸਾ, ਪਦਵੀ, ਚੌਧਰ, ਸ਼ੁਹਰਤ
ਹਾਏ! ਸਾਡੇ ਕਿੰਨੇ ਕਾਤਲ।

ਕਿਰਦਾਰ ਨੇ ਵਿਕਾਊ, ਈਮਾਨ ਵਿਕ ਰਹੇ ਨੇ।
ਹੁਣ ਤਾਂ ਸ਼ਰੇ-ਬਾਜ਼ਾਰੀਂ ਇਨਸਾਨ ਵਿਕ ਰਹੇ ਨੇ।

ਨਾ ਦਰਦ ਕੋਈ ਜਾਣੇ, ਨਾ ਰੋਗ ਨੂੰ ਪਛਾਣੇ,
ਇਸ ਸ਼ਹਿਰ ਵਿਚ ਮਸੀਹਾ, ਲੁਕਮਾਨ ਵਿਕ ਰਹੇ ਨੇ।

ਹਵਸਾਂ ਦੇ ਦੌਰ ਅੰਦਰ ਇਹ ਹਾਦਸਾ ਸੀ ਹੋਣਾ,
ਦਿਲ, ਜਾਨ, ਰੀਝਾਂ, ਸੱਧਰਾਂ, ਅਰਮਾਨ ਵਿਕ ਰਹੇ ਨੇ।

ਇਹ ਸ਼ਹਿਰ ਪੱਥਰਾਂ ਦਾ, ਪੱਥਰ ਹੀ ਪੂਜਦਾ ਹੈ,
ਏਥੇ ਗਲੀ-ਗਲੀ ਵਿਚ ਭਗਵਾਨ ਵਿਕ ਰਹੇ ਨੇ।

ਤੂੰ, ਮੈਂ ਤਾਂ ਆਮ ਵਸਤੂ, ਕੀ ਆਪਣੀ ਹੈ ਹਸਤੀ,
ਚਾਂਦੀ ਦੇ ਪੰਨਿਆਂ 'ਤੇ ਵਿਦਵਾਨ ਵਿਕ ਰਹੇ ਨੇ।

ਸਿਰਤਾਜ, ਤਖ਼ਤ, ਸ਼ੁਹਰਤ, ਸਨਮਾਨ 'ਮਾਨ' ਕੀ-ਕੀ,
ਥਾਂ-ਥਾਂ ਟਕੇ-ਟਕੇ ਵਿਚ ਧਨਵਾਨ ਵਿਕ ਰਹੇ ਨੇ।

ਸਾਵਣ ਦੇ ਵੀ ਬੁੱਲ੍ਹ ਤਿਹਰਾਏ, ਕੀ ਕਰੀਏ?
ਖ਼ਾਬਾਂ ਵਿਚ ਮਾਰੂਥਲ ਛਾਏ, ਕੀ ਕਰੀਏ?

ਸਾਡੇ ਨੈਣੀ ਲੰਮੀਆਂ ਝੜੀਆਂ ਲੱਗੀਆਂ ਨੇ,
ਹਾਏ! ਸਾਵਣ ਸੁੱਕਾ ਜਾਏ, ਕੀ ਕਰੀਏ?

ਖੇਤਾਂ ਵਿਚ ਹਰਿਆਲੀ ਸੁੱਟੀ ਬੈਠੀ ਧੌਣ,
ਘਰਾਂ 'ਚ ਰੀਝਾਂ, ਚਾਅ ਮੁਰਝਾਏ, ਕੀ ਕਰੀਏ?

ਖੂਬ ਵਰ੍ਹਾਂਗੇ ਇਸ ਵਾਰੀ ਜੋ ਕਹਿੰਦੇ ਸੀ,
ਸਾਵਣ ਵਿਚ ਵੀ ਉਹ ਨਾ ਆਏ, ਕੀ ਕਰੀਏ?

ਲਗਦੈ ਖੇਡ ਸਿਆਸਤ ਦੀ ਇਹ ਜਾਣ ਗਏ,
ਪਲ-ਪਲ ਬੱਦਲ ਰੰਗ ਵਟਾਏ, ਕੀ ਕਰੀਏ?

ਕੋਇਲ ਵਿਚਾਰੀ ਕੂਕ-ਕੂਕ ਕੇ ਹਾਰ ਗਈ,
ਕੋਈ ਨਾ ਮਹਿਰਮ ਪਿਆਸ ਬੁਝਾਏ, ਕੀ ਕਰੀਏ?

ਸਾਵਣ ਦੇ ਅੰਨ੍ਹੇ ਤਾਂ ਭੋਲੇ-ਭਾਲੇ ਨੇ,
ਇਨ੍ਹਾਂ ਨੂੰ ਕਿਹੜਾ ਸਮਝਾਏ, ਕੀ ਕਰੀਏ?

ਮਨ ਅੰਦਰ ਸਤਰੰਗੀ ਪੀਂਘ ਦੀ ਲੋਚਾ ਸੀ,
ਪਲਕਾਂ 'ਤੇ ਹੰਝੂ ਲਟਕਾਏ, ਕੀ ਕਰੀਏ?

ਹੋਠਾਂ 'ਤੇ ਖੁਸ਼ਕੀ, ਪਿਆਸ ਅਜੇ।
ਨੈਣਾਂ ਵਿਚ ਫਿਰ ਵੀ ਆਸ ਅਜੇ।

ਦੀਵਾਲੀ ਮੁੜ-ਮੁੜ ਆਉਂਦੀ ਹੈ,
ਪਰ ਮੁੱਕਿਆ ਨਾ ਬਨਵਾਸ ਅਜੇ।

ਇਕ ਦਿਨ ਸੁਪਨੇ ਵੀ ਪੁੰਗਰਨਗੇ,
ਜਿੱਥੇ ਉਗਦੀ ਸਲਫ਼ਾਸ ਅਜੇ।

ਰਾਹਾਂ ਵਿਚ ਧੁੱਪ ਦਾ ਪਹਿਰਾ ਹੈ,
ਛਾਂ ਦੇਵੇ ਨਾ ਧਰਵਾਸ ਅਜੇ।

ਆਪਾਂ ਆਮ ਸਦਾ ਨਾ ਰਹਿਣਾ
ਮੰਨਿਆ ਕਿ ਤੂੰ ਹੈਂ ਖ਼ਾਸ ਅਜੇ।

ਵਾਅਦੇ ਆਪਣੇ ਤੂੰ ਸਾਂਭੀ ਰੱਖ,
ਜ਼ਖ਼ਮੀ ਸਾਡਾ ਵਿਸ਼ਵਾਸ ਅਜੇ।



ਮੁੱਠੀ 'ਚੋਂ ਜਿਉਂ ਰੇਤਾ, ਜੀਵਨ ਕਿਰਦਾ ਹੈ।
ਗਲੀ-ਗਲੀ ਇਕ ਫੱਕਰ ਗਾਉਂਦਾ ਫਿਰਦਾ ਹੈ।

ਆਖ਼ਿਰ ਉਸ ਨੇ ਸਭੇ ਖਿਡੌਣੇ ਕਰ'ਤੇ ਚੂਰ,
ਭੁੱਖਾ ਬੱਚਾ ਕਦੋਂ ਕੁ ਤਕ ਇਉਂ ਵਿਰਦਾ ਹੈ।

ਭੋਲੇਪਨ ਦੀ ਇਸ ਤੋਂ ਵੱਡੀ ਨਹੀਂ ਮਿਸਾਲ,
ਚਿੜੀਆਂ ਸਮਝਣ ਬਾਜ ਤਾਂ ਆਪਣੀ ਧਿਰ ਦਾ ਹੈ।

ਏਥੇ ਜੋ ਵੀ ਆਉਂਦਾ, ਨਫ਼ਾ ਕਮਾਉਂਦਾ ਉਹ,
ਮਕਤਲ ਵਿਚ ਮੁੱਲ ਪੈਂਦਾ ਇਕ-ਇਕ ਸਿਰ ਦਾ ਹੈ।

ਮੇਰੀ ਮੁੱਠੀ ਵਿਚ ਜੇ ਕੁਝ ਚਾਨਣ ਦੇ ਬੀਜ,
ਨ੍ਹੇਰਾ ਤਾਂ ਹੀ ਪੈੜਾਂ ਨੱਪਦਾ ਫਿਰਦਾ ਹੈ।

ਬੜਾ ਗ਼ਰੂਰ ਹੈ ਉਸ ਨੂੰ, ਸਾਨੂੰ ਵੀ ਹੈ ਮਾਣ,
ਉਸ ਦੀ ਵੱਡੀ ਹਸਤੀ, ਸਾਡਾ ਹਿਰਦਾ ਹੈ।

ਹਉਕਿਆਂ ਦੇ ਗਰਭ ਵਿੱਚੋਂ ਨਿਕਲ ਤੂੰ ਬਾਹਰ ਕਦੇ।
ਹੌਸਲੇ ਦੇ ਨਾਲ ਜੀਵਨ ਜਿਉਣ ਦਾ ਦਮ ਭਰ ਕਦੇ।

ਸੁੰਨੀਆਂ ਮੜ੍ਹੀਆਂ 'ਚ ਕਿਉਂ ਤੂੰ ਭਾਲਦਾ ਹੈਂ ਰੌਸ਼ਨੀ,
ਧਰ ਸਕੇ ਤਾਂ ਆਪਣੇ ਬੰਨੇ 'ਤੇ ਦੀਵਾ ਧਰ ਕਦੇ।

ਸ਼ੂਕਦੇ ਤੂਫ਼ਾਨ ਰਹਿਣੇ, ਜ਼ਿੰਦਗੀ ਵਿਚ ਇਸ ਤਰ੍ਹਾਂ,
ਖੰਭ ਆਪਣੇ ਤੋਲ, ਛੂਹ ਲੈ ਆਪਣਾ ਅੰਬਰ ਕਦੇ।

ਮੋਹ ਦੀਆਂ ਛੱਲਾਂ ਦੇ ਨਾਲ ਇਹ ਧਰਤ ਸਾਵੀ ਕਰਦਿਆਂ,
ਇਸ ਤਰ੍ਹਾਂ ਵੀ ਖੌਲਦਾ ਹੈ ਦਿਲ ਦਾ ਇਹ ਸਾਗਰ ਕਦੇ।

ਘਰ 'ਚ ਬਹਿ ਕੇ ਤਬਸਰਾ ਕਰਨਾ ਤਾਂ ਹਰ ਇਕ ਜਾਣਦੈ,
ਲੁਤਫ਼ ਤਾਂ ਹੈ ਜੇ ਕਥਾ ਦਾ ਖ਼ੁਦ ਬਣੇ ਪਾਤਰ ਕਦੇ।

ਕਿਸ਼ਤੀ ਡਾਵਾਂਡੋਲ ਕਿਨਾਰਾ ਦਿਸਦਾ ਨਹੀਂ।
ਤਿਣਕੇ ਜਿਹਾ ਵੀ ਕੋਈ ਸਹਾਰਾ ਦਿਸਦਾ ਨਹੀਂ।

ਕੇਹੀ ਗਰਦ ਚੜ੍ਹੀ ਹੈ ਅੱਜ ਅਸਮਾਨ ਉੱਤੇ,
ਧੁੰਦਲਾ ਜਿਹਾ ਵੀ ਕੋਈ ਤਾਰਾ ਦਿਸਦਾ ਨਹੀਂ।

ਟੁਕੜੇ-ਟੁਕੜੇ ਹੋਇਆ ਫਿਰਦਾ ਹਰ ਬੰਦਾ,
ਕੋਈ ਵੀ ਸਾਰੇ ਦਾ ਸਾਰਾ ਦਿਸਦਾ ਨਹੀਂ।

ਚਾਰੇ ਪਾਸੇ ਭੀੜ ਬੜੀ ਹੈ ਸ਼ਹਿਰ ਅੰਦਰ,
ਐਪਰ ਆਪਣਾ ਕੋਈ ਯਾਰਾ ਦਿਸਦਾ ਨਹੀਂ।

ਸੀਸ ਤਲੀ 'ਤੇ ਆਖ਼ਿਰ ਧਰਨਾ ਪੈਣਾ ਹੈ,
ਬਹੁਤਾ ਚਿਰ ਇਉਂ ਹੋਊ ਗੁਜ਼ਾਰਾ ਦਿਸਦਾ ਨਹੀਂ।

ਤੇਰੇ ਸ਼ਹਿਰ 'ਚ ਪੱਥਰਾਂ ਵਰਗੇ ਲੋਕ ਬੜੇ ਮਸ਼ਹੂਰ ਦਿਸੇ।
ਜਿੱਧਰ ਤੱਕਿਆ ਹਰ ਪਾਸੇ ਹੀ ਸ਼ੀਸ਼ੇ ਚਕਨਾਚੂਰ ਦਿਸੇ।

ਭਾਵੇਂ ਦੁਨੀਆ ਬੰਦ ਹੈ ਅੱਜ ਕਲ੍ਹ ਹਰ ਬੰਦੇ ਦੀ ਮੁੱਠੀ ਵਿਚ,
ਸੱਚ ਤਾਂ ਇਹ ਹੈ ਬੰਦਾ ਖ਼ੁਦ ਤੋਂ ਲੱਖਾਂ ਕੋਹਾਂ ਦੂਰ ਦਿਸੇ।

ਅਕਸਰ ਦਾਅਵੇ ਕਰਦੇ ਨੇ ਉਹ ਹਰ ਪਾਸੇ ਹਰਿਆਲੀ ਹੈ,
ਰੁੰਡ ਮਰੁੰਡੇ ਰੁੱਖ ਨੇ ਸਾਰੇ, ਬਾਗ਼ 'ਚ ਕਿਤੇ ਨਾ ਨੂਰ ਦਿਸੇ।

ਇਸ ਨਗਰੀ ਵਿਚ ਅਜਬ ਤਮਾਸ਼ਾ ਰਾਤ ਦਿਨੇ ਮੈਂ ਤਕਦਾ ਹਾਂ,
ਸੱਚ ਦੇ ਦਾਅਵੇਦਾਰ ਬੜੇ ਨੇ, ਕੋਈ ਨਾ ਮਨਸੂਰ ਦਿਸੇ।

ਨਵੇਂ ਦੌਰ ਦਾ ਮੈਂ ਬਾਸ਼ਿੰਦਾ ਏਸ ਅਦਾ ਤੋਂ ਵਾਕਿਫ਼ ਹਾਂ,
ਚਿਹਰੇ 'ਤੇ ਸਜਿਆ ਇਹ ਹਾਸਾ ਕਿਧਰੇ ਨਾ ਮਜਬੂਰ ਦਿਸੇ।

ਧੁੱਪ ਨੂੰ ਜਿਹੜੇ ਛਾਂ ਲਿਖਦੇ ਨੇ।
ਗੂੰਗੀ ਕਪਟ ਜ਼ੁਬਾਂ ਲਿਖਦੇ ਨੇ।

ਫੁੱਲ ਵਿਚਾਰੇ ਪੱਥਰ ਹੋ ਗਏ,
ਮੁਨਸਿਫ਼ ਕਿਵੇਂ ਨਿਆਂ ਲਿਖਦੇ ਨੇ ?

ਜੋ ਝੱਖੜਾਂ ਦੀ ਛਾਤੀ ਚੀਰਨ
ਉਹ ਅੰਬਰ 'ਤੇ ਨਾਂ ਲਿਖਦੇ ਨੇ।

ਸਿਖ਼ਰ ਦੁਪਹਿਰੇ ਸੜਦੇ ਪੈਰ ਹੀ,
ਬੋਹੜਾਂ ਥੱਲੇ ਮਾਂ ਲਿਖਦੇ ਨੇ।

ਸ਼ਬਦਾਂ ਨੂੰ ਰੰਗ ਧਰਮੀ ਚੜ੍ਹਿਆ,
ਅੱਗ, ਧੂੰਆਂ ਥਾਂ-ਥਾਂ ਲਿਖਦੇ ਨੇ।

ਗੁੰਮਨਾਮੀ ਦਾ ਝੋਰਾ ਹੁੰਦੈ,
ਨਾਂ ਬੂਹੇ 'ਤੇ ਤਾਂ ਲਿਖਦੇ ਨੇ।

ਪਾਰ ਸਮੁੰਦਰ ਬੈਠੇ ਪੰਛੀ,
ਖ਼ਾਬ 'ਚ ਪਿੰਡ ਗਰਾਂ ਲਿਖਦੇ ਨੇ।

ਗਿਲਾ ਕੋਈ ਨਹੀਂ ਸਾਨੂੰ ਇਨ੍ਹਾਂ ਝੂਠੇ ਗਵਾਹਾਂ 'ਤੇ।
ਅਸੀਂ ਤਾਂ ਫ਼ੈਸਲਾ ਛੱਡ ਦਿੱਤਾ ਹੁਣ ਆਪਣੇ ਗੁਨਾਹਾਂ 'ਤੇ।

ਉਨ੍ਹਾਂ ਨੇ ਯਤਨ ਤਾਂ ਕੀਤੇ ਸੁਨਹਿਰੀ ਪਹਿਨ ਕੇ ਜੁੱਤੀ,
ਮਗਰ ਪੈੜਾਂ ਨਾ ਬਣ ਸਕੀਆਂ ਸਦੀਵੀ ਸਾਡੇ ਰਾਹਾਂ 'ਤੇ।

ਇਕੱਠੇ ਬੈਠ ਕੇ ਏਹੇ ਕਦੇ ਤਾਂ ਕਰਨਗੇ ਮੰਥਨ,
ਅਜੇ ਚਲਦੇ ਨੇ ਏਹੇ ਲੋਕ ਤਾਂ ਨਿਰੀਆਂ ਸਲਾਹਾਂ 'ਤੇ।

ਸਮੇਂ ਦਾ ਵਹਿਣ ਸਦੀਆਂ ਤੋਂ ਇਵੇਂ ਹੀ ਵਹਿੰਦਾ ਆਇਆ ਹੈ,
ਇਦ੍ਹੀ ਤਾਂ ਮਿਹਰ ਹਰ ਪਲ ਹੀ ਰਹੀ ਹੈ ਬਾਦਸ਼ਾਹਾਂ 'ਤੇ।

ਜੇ ਪਰਲੇ ਪਾਰ ਹੈ ਜਾਣਾ ਤਾਂ ਦਰਿਆ ਚੀਰਨਾ ਪੈਣਾ,
ਕਦੋਂ ਤਕ ਟੇਕ ਰੱਖਾਂਗੇ ਕਿਸ਼ਤੀਆਂ ਤੇ, ਮਲਾਹਾਂ 'ਤੇ।

ਇਹ ਕੇਹੀ ਵੇਦਨਾ ਹੈ 'ਮਾਨ' ਮੇਰੇ ਹਰਫ਼ ਬੇਵੱਸ ਨੇ,
ਜਦੋਂ ਕਿਰਸਾਨ ਹੌਕੇ ਭਰਨ ਤਕ ਜੋਬਨ ਕਪਾਹਾਂ 'ਤੇ

ਬਹੁਤ ਕੁਝ ਇਹ ਕਹਿਣ ਬੂਹੇ ਬਾਰੀਆਂ।
ਮਾਰ ਅੰਦਰ ਝੂੰ ਕਦੇ ਤਾਂ ਝਾਤੀਆਂ।

ਪੈਰ ਧਰਨੇ ਸਿੱਖ ਪਹਿਲਾਂ ਧਰਤ 'ਤੇ,
ਅੰਬਰਾਂ ਵਿਚ ਫੇਰ ਲਾਈਂ ਤਾਰੀਆਂ।

ਸੁਪਨਿਆਂ ਦੀ ਸਰਜ਼ਮੀਂ ਜ਼ਰਖੇਜ ਹੈ,
ਬੈਠ ਨਾ ਇਉਂ ਢਾਹ ਕੇ ਯਾਰਾ ਢੇਰੀਆਂ।

ਬਦਲਿਆ ਮੌਸਮ ਹੈ ਏਨਾ ਸ਼ਹਿਰ ਦਾ
ਠੰਢੀਆਂ ਪੌਣਾਂ ਵੀ ਏਥੇ ਲੂੰਹਦੀਆਂ।

ਕੰਧਾਂ ਦਾ ਵੀ ਆਪਣਾ ਇਤਿਹਾਸ ਹੈ
ਹਰ ਸਮੇਂ ਖਾਮੋਸ਼ ਨਾ ਇਹ ਰਹਿੰਦੀਆਂ।

ਬੰਦਾ ਪੂਰਾ ਹੋ ਗਿਆ ਪਰ ਫੇਰ ਵੀ,
ਖ਼ਾਹਿਸ਼ਾਂ ਹਾਏ! ਨਾ ਹੋਈਆਂ ਪੂਰੀਆਂ।

ਹਰ ਪਲ ਇਹ ਜੋ ਤਿਲ-ਤਿਲ ਕਰਕੇ ਮਰਦੇ ਨੇ।
ਇਹ ਬੰਦੇ ਵੀ ਜੀਵਨ ਦਾ ਦਮ ਭਰਦੇ ਨੇ।

ਸਾਵਣ ਸਾਡੇ ਖ਼ਾਬਾਂ ਵਿਚ ਹੀ ਆਉਂਦਾ ਹੈ,
ਸਾਡੇ ਨੈਣ ਤਾਂ ਔੜਾਂ ਵਿਚ ਵੀ ਵਰ੍ਹਦੇ ਨੇ।

ਖੁਸ਼ਕ ਨਦੀ ਦੇ ਕੰਢੇ ਬਹਿ ਕੇ ਅਕਸਰ ਲੋਕ,
ਕਾਹਤੋਂ ਰੂਹਾਂ, ਤੇਹਾਂ ਦੀ ਗੱਲ ਕਰਦੇ ਨੇ।

ਜਿਹਨਾਂ ਦੇ ਸਿਰ ਦੀ ਛੱਤ ਬਣਦਾ ਹੈ ਅਸਮਾਨ,
ਉਹਨਾਂ ਲਈ ਕੀ ਅਰਥ ਨਿਗੂਣੇ ਘਰ ਦੇ ਨੇ।

ਘਰੀਂ ਹਨ੍ਹੇਰਾ ਹੋਰ ਵੀ ਸੰਘਣਾ ਹੋ ਜਾਂਦੈ,
ਦੀਵੇ ਜਦ ਮੜ੍ਹੀਆਂ ਨੂੰ ਰੌਸ਼ਨ ਕਰਦੇ ਨੇ।

ਸ਼ਰਤ ਹੈ, ਜੇ ਜ਼ਿੰਦਗੀ ਨੇ ਧੜਕਣਾ ਇਸ ਦੌਰ ਵਿਚ।
ਰੋਜ਼ ਪੈਣੈ ਸੂਲੀਆਂ ਨੂੰ ਚੁੰਮਣਾ ਇਸ ਦੌਰ ਵਿਚ।

ਜ਼ਿੰਦਗੀ ਨੇ, ਇਸ਼ਕ ਨੇ, ਰੁਜ਼ਗਾਰ ਕੇ, ਸੰਸਾਰ ਨੇ,
ਸਾਡਿਆਂ ਪੈਰਾਂ 'ਚ ਲਿਖਤੀ ਭਟਕਣਾ ਇਸ ਦੌਰ ਵਿਚ।

ਹਰ ਕਦਮ 'ਤੇ ਲਟਕਦੇ ਨੇ ਖੂਬਸੂਰਤ ਪਿੰਜਰੇ,
ਭੁੱਲ ਗਿਆ ਪੰਛੀ ਵਿਚਾਰਾ ਆਲ੍ਹਣਾ ਇਸ ਦੌਰ ਵਿਚ।

ਸਿਦਕ ਹੈ, ਈਮਾਨ ਹੈ, ਸਾਡੀ ਤਲੀ 'ਤੇ ਜਾਨ ਹੈ,
ਪਰਖ ਲੈ, ਜੋ ਪਰਖਣੈ ਤੂੰ ਦੁਸ਼ਮਣਾ ਇਸ ਦੌਰ ਵਿਚ।

ਫੁੱਲ ਬੂਟੇ, ਕੁੱਲੀਆਂ, ਰੁੱਖਾਂ ਦਾ ਏਥੇ ਕੰਮ ਕੀ?
ਏਥੋਂ ਤਾਂ ਖੁਸ਼ਹਾਲੀਆਂ ਨੇ ਲੰਘਣਾ ਇਸ ਦੌਰ ਵਿਚ।

ਹੂਕ ਹੈ, ਵੈਰਾਗ ਹੈ, ਇਕ ਰਾਗ ਹੈ ਪਰ ਸਾਜ਼ ਨਾ,
ਗੀਤ ਦਾ ਇਹ ਦਰਦ ਕਿਸ ਨੇ ਸਮਝਣਾ ਇਸ ਦੌਰ ਵਿਚ।

ਮੌਸਮਾਂ ਦਾ ਕਹਿਰ ਹੈ, ਸੂਲਾਂ ਦੀ ਤਿੱਖੀ ਜ਼ਹਿਰ ਹੈ,
ਫੇਰ ਵੀ ਫੁੱਲਾਂ ਨੇ ਹਰਦਮ ਮਹਿਕਣਾ ਇਸ ਦੌਰ ਵਿਚ।

ਸਿੱਧਾ ਜਿਹਾ ਪਤਾ ਹੈ ਸਾਡੇ ਦਰਾਂ ਘਰਾਂ ਦਾ।
ਜਿਥੇ ਬਹਾਰ ਵਰਜਿਤ ਹੈ ਸ਼ੋਰ ਪਤਝੜਾਂ ਦਾ।

ਸਰਮਾਇਆ ਦਰਦ ਦਾ ਨਾ ਮੈਥੋਂ ਸੰਭਾਲ ਹੋਵੇ,
ਕਿੱਦਾਂ ਭੁਲਾ ਮੈਂ ਦੇਵਾਂ ਅਹਿਸਾਨ ਦੋਸਤਾਂ ਦਾ।

ਪੱਥਰ ਹਰੇਕ ਹੱਥ ਵਿਚ ਮੈਨੂੰ ਦਿਖਾਈ ਦੇਵੇ,
ਮਹਿਫ਼ਿਲ 'ਚ ਜ਼ਿਕਰ ਛੇੜਾਂ ਮੈਂ ਜਦ ਵੀ ਸ਼ੀਸ਼ਿਆਂ ਦਾ।

ਬੱਦਲ ਨਿਰੇ ਕਪਾਹੀ, ਵਰਖਾ ਦੇ ਕਰਨ ਦਾਅਵੇ,
ਅੱਜ ਕਲ੍ਹ ਰਤਾ ਰਿਹਾ ਨਾ ਇਤਬਾਰ ਮੌਸਮਾਂ ਦਾ।

ਦਿਨ ਰਾਤ ਪੂਜਿਆ ਮੈਂ ਰਹਿਮਤ ਨਾ ਫਿਰ ਵੀ ਹੋਈ,
ਮੈਂ ਸੀ ਖ਼ੁਦਾ ਬਣਾਇਆ ਮਨਮੋਹਣੇ ਪੱਥਰਾਂ ਦਾ।

ਕਾਲਖ਼ ਸੰਗ ਨਹਾਓ, ਦੁਨੀਆ ਕਹਿੰਦੀ ਹੈ,
ਦੁੱਧ ਧੋਤੇ ਬਣ ਜਾਓ, ਦੁਨੀਆ ਕਹਿੰਦੀ ਹੈ।

ਥੁੱਕੀਂ ਵੜੇ ਪਕਾਓ, ਦੁਨੀਆ ਕਹਿੰਦੀ ਹੈ।
'ਨੇਤਾ ਜੀ' ਅਖਵਾਓ, ਦੁਨੀਆ ਕਹਿੰਦੀ ਹੈ।

ਧੋਖਾ, ਠੱਗੀ, ਬੇਈਮਾਨੀ ਕਰ ਲਓ ਖ਼ੂਬ,
ਪੂਜਾ ਪਾਠ ਕਰਾਓ ਦੁਨੀਆ ਕਹਿੰਦੀ ਹੈ।

ਸੱਚ, ਈਮਾਨ ਦਾ ਪੱਲਾ ਛੱਡੋ, ਸੁਖ ਮਾਣੋ!
ਕੂੜ ਦੇ ਸੋਹਲੇ ਗਾਓ, ਦੁਨੀਆ ਕਹਿੰਦੀ ਹੈ।

ਕਿਹੜੇ ਭਾਈਚਾਰੇ ਦੀ ਗੱਲ ਕਰਦੇ ਹੋ,
ਘਰੀਂ ਚੁਆਤੀ ਲਾਓ, ਦੁਨੀਆ ਕਹਿੰਦੀ ਹੈ।

ਚਿਹਰੇ ਉੱਤੇ ਨੂਰ ਹਮੇਸ਼ਾ ਝਲਕੇਗਾ,
ਭਗਵਾਂ ਭੇਸ ਬਣਾਓ, ਦੁਨੀਆ ਕਹਿੰਦੀ ਹੈ।

ਤੋਲ-ਤੁਕਾਂਤ ਮਿਲਾ ਕੇ, ਲਿਖ ਕੇ ਸਤਰਾਂ ਚਾਰ,
'ਮਾਨ' ਕਵੀ ਬਣ ਜਾਓ ਦੁਨੀਆ ਕਹਿੰਦੀ ਹੈ।

ਪੱਥਰ ਅੱਗੇ ਸੀਸ ਨਿਵਾਉਣਾ ਆਉਂਦਾ ਨਈਂ।
ਲੋਕੀਂ ਆਖਣ ਰੱਬ ਧਿਆਉਣਾ ਆਉਂਦਾ ਨਈਂ।

ਅਸੀਂ ਤਾਂ ਦਰਦ ਹੰਢਾਇਆ ਪੂਰੀ ਸ਼ਿੱਦਤ ਨਾਲ,
ਝੂਠੀ ਮੂਠੀ ਦਿਲ ਪਰਚਾਉਣਾ ਆਉਂਦਾ ਨਈਂ।

ਉਸ ਨੇ ਫੁੱਲਾਂ ਵਾਂਗੂੰ ਕਾਹਦਾ ਖਿੜਣਾ ਹੈ,
ਕੰਡਿਆਂ ਨੂੰ ਤਾਂ ਗਲੇ ਲਗਾਉਣਾ ਆਉਂਦਾ ਨਈਂ।

ਤੇਰੇ ਤਮਗ਼ੇ ਹੋਣ ਮੁਬਾਰਕ! ਤੈਨੂੰ ਹੀ,
ਸਾਨੂੰ ਸ਼ਾਹੀ-ਰਾਗ 'ਚ ਗਾਉਣਾ ਆਉਂਦਾ ਨਈਂ।

ਯਾਰਾਂ ਖ਼ਾਤਰ ਹੋਏ ਹਾਂ ਨੀਲਾਮ ਅਸੀਂ,
ਇਸ ਤੋਂ ਵੱਡਾ ਮੁੱਲ ਪਵਾਉਣਾ ਆਉਂਦਾ ਨਈਂ।

ਲੋਕ-ਰੰਗ ਵਿਚ ਰੰਗੀ 'ਮਾਨ' ਗ਼ਜ਼ਲ ਮੇਰੀ,
ਸ਼ਬਦਾਂ ਦਾ ਇਹਨੂੰ ਜਾਲ ਵਿਛਾਉਣਾ ਆਉਂਦਾ ਨਈਂ।

ਨੈਣਾਂ ਦੇ ਖੁਸ਼ਕ ਦਰਿਆ ਸਾਵਣ ਉਡੀਕਦੇ ਨੇ।
ਤਪਦੇ ਥਲਾਂ ਦੇ ਸੀਨੇ ਕਿਣਮਿਣ ਉਡੀਕਦੇ ਨੇ।

ਵੈਰਾਗ ਦਾ ਇਹ ਨਗਮਾ ਮੁੱਦਤ ਤੋਂ ਗਾ ਰਹੇ ਹਾਂ,
ਹੁਣ ਤਾਂ ਦਿਲ ਦੇ ਵਿਹੜੇ ਛਣ-ਛਣ ਉਡੀਕਦੇ ਨੇ।

ਨ੍ਹੇਰੇ ਦੀ ਪੂਜਾ ਕਰ ਕੇ, ਮੜ੍ਹੀਆਂ 'ਤੇ ਦੀਵੇ ਧਰਕੇ,
ਮੇਰੇ ਨਗਰ ਦੇ ਵਾਸੀ ਚਾਨਣ ਉਡੀਕਦੇ ਨੇ।

ਤਨ ਤੇ ਸਜਾ ਕੇ ਵਸਤਰ, ਉਜਲੇ ਤੁਸੀਂ ਹੋ ਹੋਏ,
ਥਾਂ-ਥਾਂ 'ਤੇ ਇਸ ਨਗਰ ਵਿਚ ਦਰਪਣ ਉਡੀਕਦੇ ਨੇ।

ਹੈ ਰਾਮ ਲੀਲਾ ਓਹੀ, ਦਰਸ਼ਕ ਬਦਲ ਗਏ ਹਨ,
ਹੁਣ ਲੋਕ ਹਰ ਜਗ੍ਹਾ ਹੀ ਰਾਵਣ ਉਡੀਕਦੇ ਨੇ।

ਕੇਹੀ ਪਤਝੜ ਆਈ, ਸੋਚਾਂ, ਖ਼ਾਬਾਂ ਵਿਚ।
ਹਰ ਸੱਧਰ ਮੁਰਝਾਈ, ਸੋਚਾਂ, ਖ਼ਾਬਾਂ ਵਿਚ।

ਹੌਕੇ, ਹੰਝੂ, ਪੀੜਾਂ ਵਰਗੇ ਤੋਹਫ਼ੇ ਬਹੁਤ,
ਹਰ ਕੋਈ ਫਿਰੇ ਛੁਪਾਈ, ਸੋਚਾਂ, ਖ਼ਾਬਾਂ ਵਿਚ।

ਚਾਰ ਚੁਫ਼ੇਰੇ ਭੀੜ ਹੈ, ਫਿਰ ਵੀ ਡਸਦੀ ਹੈ,
ਸਾਨੂੰ ਇਹ ਤਨਹਾਈ, ਸੋਚਾਂ, ਖ਼ਾਬਾਂ ਵਿਚ।

ਚਾਨਣ, ਚਾਨਣ, ਚਾਨਣ ਨਿਤ ਕੁਰਲਾਵਣ ਉਹ,
ਕਾਲੀ ਰਾਤ ਹੈ ਛਾਈ, ਸੋਚਾਂ, ਖ਼ਾਬਾਂ ਵਿਚ।

ਅੱਜ ਕਲ੍ਹ ਹਰ ਰਿਸ਼ਤੇ 'ਚੋਂ ਰਿਸਦਾ ਲਹੂ ਸਫ਼ੈਦ,
ਕਿਸਨੇ ਜ਼ਹਿਰ ਪਿਲਾਈ, ਸੋਚਾਂ, ਖ਼ਾਬਾਂ ਵਿਚ।

ਦੌਲਤਾਂ ਦੀ ਭਾਲ ਵਿਚ ਨਾ ਸ਼ੁਹਰਤਾਂ ਦੀ ਭਾਲ ਵਿਚ।
ਸੁਲਘਦਾ ਸ਼ਾਇਰ ਹਮੇਸ਼ਾ, ਅੱਖਰਾਂ ਦੀ ਭਾਲ ਵਿਚ।

ਦਰਦ, ਪੀੜਾਂ, ਹੌਕਿਆਂ ਦਾ, ਸੇਕ ਸੀਨੇ ਸਾਂਭ ਕੇ,
ਨਿਕਲਦੇ ਹਾਂ ਨਿਤ ਅਸੀਂ ਤਾਂ, ਹਾਸਿਆਂ ਦੀ ਭਾਲ ਵਿਚ।

ਜ਼ਿੰਦਗੀ ਹੈ, ਮਾਣ ਲੈ, ਸੁਪਨੇ ਨਵੇਂ ਤੂੰ ਸਿਰਜ ਲੈ,
ਭਟਕਣੈਂ ਤਾਂ ਭਟਕ ਲੈ, ਗੁਜ਼ਰੇ ਪਲਾਂ ਦੀ ਭਾਲ ਵਿਚ।

ਤਾਰਿਆਂ ਦਾ ਸਫ਼ਰ ਹੀ, ਬਣਦਾ ਹੈ ਉਨ੍ਹਾਂ ਦਾ ਨਸੀਬ,
ਦਿਨ ਢਲੇ ਜੋ ਨਿਕਲਦੇ ਨੇ, ਸੂਰਜਾਂ ਦੀ ਭਾਲ ਵਿਚ।

ਮੋਹ, ਮੁਹੱਬਤ, ਰਿਸ਼ਤਿਆਂ ਦਾ, ਵੇਖਿਆ ਮਾਤਮ ਜਦੋਂ,
ਸ਼ਹਿਰ ਸਾਰਾ ਤੁਰ ਪਿਆ, ਸੁੰਨੇ ਗਰਾਂ ਦੀ ਭਾਲ ਵਿਚ।

ਮੋਹ ਨਹੀਂ ਸਕਦੇ ਸੁਨਹਿਰੀ ਪਿੰਜਰੇ ਸਾਨੂੰ ਇਹ 'ਮਾਨ'
ਉੱਡਣਾ ਹਰ ਪਲ ਅਸੀਂ ਤਾਂ, ਅੰਬਰਾਂ ਦੀ ਭਾਲ ਵਿਚ।



ਸ਼ੀਸ਼ੇ ਸਾਹਵੇਂ ਜਾਣ ਤੋਂ ਮੈਂ ਘਬਰਾਉਂਦਾ ਹਾਂ।
ਵੈਸੇ ਤਾਂ ਮੈਂ ਸੱਜਣ ਪੁਰਸ਼ ਕਹਾਉਂਦਾ ਹਾਂ।

ਸ਼ਹਿਰ ਦੀ ਹਰ ਸ਼ੈਅ ਝੂਠੀ-ਝੂਠੀ ਲਗਦੀ ਹੈ,
ਕਦੇ ਕਦੇ ਜਦ ਪਿੰਡ ਜਾ ਕੇ ਮੈਂ ਆਉਂਦਾ ਹਾਂ।

ਮੇਰੇ ਮਨ ਦਾ ਨੇਤਾ ਨੱਚ ਨੱਚ ਕਰੇ ਕਮਾਲ,
ਕਾਗ਼ਜ਼ ਉੱਤੇ ਜਦ ਵੀ ਕੁਰਸੀ ਵਾਹੁੰਦਾ ਹਾਂ।

ਮੇਰੇ ਖ਼ਾਬਾਂ ਵਿਚ ਨਫ਼ਰਤ ਕਿਉਂ ਹਰ ਪਾਸੇ,
ਮੈਂ ਤਾਂ ਗੀਤ ਮੁਹੱਬਤ ਦੇ ਨਿਤ ਗਾਉਂਦਾ ਹਾਂ।

ਘੁੱਪ ਹਨੇਰਾ ਅਕਸਰ ਮੈਨੂੰ ਕਰੇ ਸਵਾਲ,
ਚਾਨਣ ਚਾਨਣ ਚਾਨਣ ਕਿਉਂ ਕੁਰਲਾਉਂਦਾ ਹਾਂ।

ਕਮਰੇ ਵਿਚਲੇ ਫੁੱਲ ਬਣਾਉਟੀ, ਹਸਦੇ ਨੇ,
ਮੈਂ ਖ਼ੁਸ਼ਬੂ ਦੀ ਰੀਝ ਜਦੋਂ ਦਫ਼ਨਾਉਂਦਾ ਹਾਂ।

ਕ਼ਰਜ਼ਾਂ, ਰਿਸ਼ਤੇ, ਪੈਸਾ, ਮਾਪੇ, ਭੈਣ-ਭਰਾ,
ਖ਼ੁਦ ਨੂੰ ਕੇਹੀ ਭੀੜ 'ਚ ਘਿਰਿਆ ਪਾਉਂਦਾ ਹਾਂ।

ਸਰਦਲ ਕਰੇ ਸਵਾਗਤ ਰਸਮੀ ਹਾਸੇ ਨਾਲ,
ਦਫ਼ਤਰ ਤੋਂ ਘਰ ਵਾਪਸ ਜਦ ਮੈਂ ਆਉਂਦਾ ਹਾਂ।



ਪਲ-ਪਲ ਖੇਡੇ ਚਾਲ, ਜ਼ਮਾਨਾ ਉਸ ਦਾ ਹੈ।
ਜਿਸ ਦੀ ਅਦਾ ਕਮਾਲ, ਜ਼ਮਾਨਾ ਉਸ ਦਾ ਹੈ।

ਅੰਬਰੀਂ ਉਡਦੇ ਪੰਛੀ ਵੀ ਉਹ ਫਾਹ ਲੈਂਦੇ,
ਬੁਣਨਾ ਜਾਣੇ ਜਾਲ, ਜ਼ਮਾਨਾ ਉਸ ਦਾ ਹੈ।

ਤੇਰੇ ਆਦਰਸ਼ਾਂ ਨੂੰ ਬਾਬਾ ਪੁੱਛਦੈ ਕੌਣ?
ਜੀਹਦੇ ਪੱਲੇ ਮਾਲ, ਜ਼ਮਾਨਾ ਉਸ ਦਾ ਹੈ।

ਹੱਕ ਪਰਾਇਆ ਖਾਵੇ ਤਕੜਾ ਧੌਂਸ ਦੇ ਨਾਲ,
ਕੁਸਕੇ ਕੋਈ ਮਜਾਲ, ਜ਼ਮਾਨਾ ਉਸ ਦਾ ਹੈ।

ਹਰ ਥਾਂ ਤੂਤੀ ਬੋਲੇ ਚਮਚਾਗੀਰੀ ਦੀ,
ਹੋਵੇ ਹਾੜ੍ਹ ਸਿਆਲ, ਜ਼ਮਾਨਾ ਉਸ ਦਾ ਹੈ।

ਨੇਤਾ, ਪੁਲੀਸ, ਮੀਡੀਆ, ਅਫ਼ਸਰ ਤੇ ਬੀਵੀ,
ਜਿਸ 'ਤੇ ਹੋਣ ਦਿਆਲ, ਜ਼ਮਾਨਾ ਉਸ ਦਾ ਹੈ।

ਮਨਾਂ ਅੰਦਰ, ਘਰਾਂ ਅੰਦਰ, ਤੇ ਹਰ ਥਾਂ ਫੈਲਿਆ ਪਰਦਾ।
ਇਵੇਂ ਲਗਦੈ ਕਿ ਅੱਜ ਕਲ੍ਹ ਆਦਮੀ ਵੀ ਹੈ ਨਿਰਾ ਪਰਦਾ।

ਬੜਾ ਹੀ ਫ਼ਖ਼ਰ ਸੀ ਉਸ 'ਤੇ ਕਿ ਕੱਜਦੈ ਆਬਰੂ ਸਭ ਦੀ,
ਗਏ ਜਾਂ ਵਿਹੜੇ ਫ਼ੈਸ਼ਨ ਦੇ ਤਾਂ ਪਾਣੀ ਹੋ ਗਿਆ ਪਰਦਾ।

ਰਤਾ ਵੀ ਨਾ ਰਿਹਾ ਈਮਾਨ ਸਾਡੇ ਰਿਸ਼ਤਿਆਂ ਅੰਦਰ,
ਚੁਰਾਹੇ ਵਿਚ ਹੈ ਲੀਰੋ ਲੀਰ ਨਿੱਤ ਦਿਨ ਹੋ ਰਿਹਾ ਪਰਦਾ।

ਤੇਰੇ ਪਰਦੇ 'ਚ ਕਿੰਨੇ ਹੋਰ ਪਰਦੇ ਜਾਣਦਾ ਹਾਂ ਮੈਂ,
ਜਦੋਂ ਪਰਦੇ 'ਚ ਆਪਾ ਫੋਲਿਆ ਤਾਂ ਬੋਲਿਆ ਪਰਦਾ।

ਲਕੀਰਾਂ ਹੱਥ ਦੀਆਂ ਚੁੰਮਦੇ ਰਹੇ ਹਰ ਪਲ ਸੀ ਜਿਹੜੇ 'ਮਾਨ'
ਉਨ੍ਹਾਂ ਨੂੰ ਜ਼ਿੰਦਗੀ ਅਕਸਰ ਮਿਲੀ ਕਰ ਕੇ ਰਤਾ ਪਰਦਾ।

ਵਧੀ ਹੈ ਨੇੜਤਾ ਜਿਉਂ ਜਿਉਂ, ਦਿਲਾਂ ਵਿਚ ਫ਼ਾਸਲਾ ਹੋਇਆ।
ਅਜੋਕੇ ਦੌਰ ਵਿਚ ਇਹ ਕਿਸ ਤਰਾਂ ਦਾ ਹਾਦਸਾ ਹੋਇਆ।

ਮਨਾਂ 'ਤੇ ਸਹਿਮ ਦਾ ਪਰਛਾਵਾਂ ਵਧਦਾ ਜਾ ਰਿਹਾ ਹਰ ਪਲ,
ਨਾ ਸਾਥੋਂ ਬੀਤੇ ਮੌਸਮ 'ਤੇ ਕਦੇ ਦੀ ਤਬਸਰਾ ਹੋਇਆ।

ਹਨੇਰੀ ਰਾਤ ਹੈ, ਕਾਤਿਲ ਹੈ ਤੇ ਮਾਸੂਮ ਤਾਰੇ ਨੇ,
ਤੇਰੇ ਹੀ ਸ਼ਹਿਰ ਦਾ ਮੁਨਸਿਫ਼ ਹੈ ਕਿਧਰੇ ਲਾਪਤਾ ਹੋਇਆ।

ਹਨੇਰਾ ਸੰਘਣਾ ਹੈ ਹੋ ਰਿਹਾ ਹਰ ਪਲ ਘਰਾਂ ਅੰਦਰ,
ਬਨੇਰੇ ਆਪਣੇ 'ਤੇ ਸਾਥੋਂ ਨਾ ਦੀਵਾ ਜਗਾ ਹੋਇਆ।

ਖ਼ਬਰ ਪਹਿਲੇ ਸਫ਼ੇ 'ਤੇ ਛਪ ਰਹੀ ਹੈ 'ਠੀਕ ਹੈ ਸਭ ਕੁਝ',
ਨਗਰ ਆਪਣੇ 'ਚ ਵੇਖਾਂ ਹਰ ਬਸ਼ਰ ਮੈਂ ਵਿਲਕਦਾ ਹੋਇਆ।

ਖੁਸ਼ਕ ਲਿਖ, ਬੇਨੂਰ ਲਿਖ ਤੇ ਉਡ ਗਈ ਮੁਸਕਾਨ ਲਿਖ।
ਪਹਿਲਾਂ ਵਾਲੀ ਨਾ ਰਹੀ ਹੁਣ ਜ਼ਿੰਦਗੀ ਦੀ ਸ਼ਾਨ ਲਿਖ।

ਡਲਕਦੇ ਨੈਣਾਂ 'ਚ ਸੁਪਨੇ ਹੋ ਰਹੇ ਨੀਲਾਮ ਨੇ,
ਕੱਚੀਆਂ ਲਗਰਾਂ ਦੇ ਥਾਂ-ਥਾਂ ਸਿਸਕਦੇ ਅਰਮਾਨ ਲਿਖ।

ਤਿੜਕਦਾ ਵਿਸ਼ਵਾਸ ਤਕ, ਨਹੁੰਆਂ ਤੋਂ ਟੁੱਟਦਾ ਮਾਸ ਤਕ,
ਪਿੰਡ ਵਿਚ ਅੱਜ ਕਲ ਕੋਈ ਹੁੰਦਾ ਨਹੀਂ ਹੈਰਾਨ ਲਿਖ।

ਯਾਰ ਨੂੰ, ਦਿਲਦਾਰ ਨੂੰ, ਸਰਕਾਰ ਨੂੰ ਖ਼ਤ ਲਿਖਦੇ ਵਕਤ,
ਖਾਹਿਸ਼ਾਂ ਵਿਚ ਜਜ਼ਬ ਹੋਈ ਬੰਦੇ ਦੀ ਪਹਿਚਾਨ ਲਿਖ।

ਜ਼ਰਦ ਚਿਹਰੇ, ਸਹਿਮ, ਡਰ ਤੇ ਚਾਰੇ ਪਾਸੇ ਚੁੱਪ-ਚਾਂ,
ਸ਼ਹਿਰ ਵੀ ਹੁਣ ਜਾਪਦੇ ਨੇ ਜਿਉਂ ਕੋਈ ਸ਼ਮਸ਼ਾਨ ਲਿਖ।

ਮੁੱਠ ਹੱਡੀਆਂ ਸਾਂਭ ਕੇ, ਸਾਹਾਂ ਦੀ ਪੂੰਜੀ ਜੋੜ ਕੇ,
ਜ਼ਿੰਦਗੀ 'ਤੇ ਕਰ ਰਿਹੈ ਹਰ ਆਦਮੀ ਅਹਿਸਾਨ ਲਿਖ।

ਜੇ ਗ਼ਜ਼ਲ ਦੀ ਮਹਿਕ ਚਾਹੁੰਨੈ ਪਿੰਡ ਦੀ ਹਰ ਜੂਹ ਤੀਕ,
ਕਿਰਤ ਲਿਖ, ਈਮਾਨ ਲਿਖ, ਮਜ਼ਦੂਰ ਤੇ ਕਿਰਸਾਨ ਲਿਖ।

ਸਿਦਕ ਦੇ ਸਾਹਵੇਂ ਸਿਤਮ ਉਹਦੇ ਨੇ ਹਰਨਾ ਹੈ ਹਰ ਹਾਲ।
ਰਿਸਦੇ ਜ਼ਖ਼ਮਾਂ ਨੇ ਵੀ ਇਕ ਦਿਨ ਭਰਨਾ ਹੈ ਹਰ ਹਾਲ।

ਨੰਗੇ ਪੈਰੀਂ, ਤੱਤੀ ਰੇਤ ਦਾ ਕਣ-ਕਣ ਛਾਣ ਲਵੀਂ,
ਜੀਵਨ ਦਾ ਇਹ ਮਾਰੂਥਲ ਸਰ ਕਰਨਾ ਹੈ ਹਰ ਹਾਲ।

ਹਰ ਪਾਸੇ ਨੇ ਖੁਸ਼ਕ ਹਵਾਵਾਂ, ਉੱਤੋਂ ਲੰਮੀ ਔੜ,
ਨੈਣਾਂ ਦੇ ਸਾਵਣ ਨੇ ਐਪਰ ਵਰ੍ਹਨਾ ਹੈ ਹਰ ਹਾਲ।

ਡਰ ਨਾ ਏਸ ਹਨੇਰੇ ਤੋਂ, ਤੂੰ ਜਾਰੀ ਰੱਖ ਸੰਗਰਾਮ,
ਕਾਲੀ ਰਾਤ ਦੀ ਹਿੱਕ 'ਤੇ ਸੂਰਜ ਧਰਨਾ ਹੈ ਹਰ ਹਾਲ।

'ਹਰਦਮ' ਝੁਲਦਾ ਰੱਖਿਆ ਜਿਸ ਨੇ ਜੀਵਨ ਦਾ ਪਰਚਮ,
'ਮਾਨ' ਓਸ ਸੁਪਨੇ ਨੂੰ ਸਿਜਦਾ ਕਰਨਾ ਹੈ ਹਰ ਹਾਲ।

ਵਕਤ ਦੇ ਦਾਅ-ਪੇਚ ਸਾਰੇ ਜੇ ਮੈਂ ਹੁੰਦਾ ਜਾਣਦਾ।
ਮੈਂ ਵੀ ਤਾਂ ਹੋ ਜਾਵਣਾ ਸੀ ਜ਼ਿੰਦਗੀ ਦੇ ਹਾਣਦਾ।

ਉਸ ਨੇ ਕੇਰਾਂ ਸੁਪਨੇ ਅੰਦਰ ਵੇਖੀ ਸੀ ਵਗਦੀ ਨਦੀ,
ਰਾਤ ਦਿਨ ਉਹ ਫਿਰ ਰਿਹਾ ਹੈ ਟਿੱਬਿਆਂ ਨੂੰ ਛਾਣਦਾ।

ਸ਼ੌਖ਼ ਰੰਗਾਂ ਦੀ ਅਦਾ ਤੋਂ ਹਰ ਕੋਈ ਕੁਰਬਾਨ ਹੈ,
ਕੌਣ ਏਥੇ ਫੁੱਲਾਂ ਦੀ ਖੁਸ਼ਬੋਈ ਨੂੰ ਮਾਣਦਾ।

ਕੀ ਪਤਾ ਸੀ ਲਾਸ਼ ਉਸ ਦੀ ਧੁੱਪ 'ਚ ਇਉਂ ਸੜਦੀ ਰਹੂ,
ਆਪਣੇ ਪਰਛਾਵੇਂ 'ਤੇ ਵੀ ਜੋ ਸੀ ਛਤਰੀ ਤਾਣਦਾ।

ਕਦ ਕਿਸੇ ਨੇ ਸਮਝਿਆ ਹੈ ਟਾਹਣੀਆਂ ਦਾ ਦਰਦ 'ਮਾਨ',
ਧੁੱਪ 'ਚ ਸੜਦੇ ਰੁੱਖਾਂ ਦੀ ਛਾਂ ਹਰ ਕੋਈ ਹੈ ਮਾਣਦਾ।

ਰਾਹਬਰੀ ਦੇ ਪੂਜ ਕੇ ਨਿੱਤ ਪੱਥਰ ਨਵੇਂ-ਨਵੇਂ।
ਗਾਹੁਣਾ ਚਾਹੇ ਆਦਮੀ ਨਿੱਤ ਅੰਬਰ ਨਵੇਂ-ਨਵੇਂ।

ਸੁਪਨਿਆਂ ਵਿਚ ਵੇਖਦਾ ਹਾਂ ਮੰਜ਼ਰ ਨਵੇਂ-ਨਵੇਂ।
ਅੱਖ ਖੁੱਲ੍ਹੇ ਨਜ਼ਰ ਆਵਣ ਖੰਡਰ ਨਵੇਂ-ਨਵੇਂ।

ਹੁਣ ਪੁਰਾਣੇ ਯਾਰ ਦਾ ਖ਼ਤ ਮਿਲਦਾ ਜਦੋਂ ਕਦੇ,
ਮੇਰੀਆਂ ਅੱਖਾਂ 'ਚ ਚੁਭਦੇ ਅੱਖਰ ਨਵੇਂ-ਨਵੇਂ।

ਤੂੰ ਹੀ ਦੱਸ ਕਿ ਕਿਹੜੇ ਦਰ 'ਤੇ ਯਾਰ ਮੈਂ ਦਸਤਕ ਦਿਆਂ
ਉੱਗੇ ਨੇ ਹਰ ਦੇਹਲੀ ਉਤੇ ਖੰਜਰ ਨਵੇਂ ਨਵੇਂ।

ਭਟਕਣਾ ਦੇ ਦੌਰ ਦਾ ਅੰਤ ਦਿਸਦਾ ਨਹੀਂ ਕਿਤੇ,
ਹਰ ਕਦਮ 'ਤੇ ਬਣ ਰਹੇ ਨੇ ਰਾਹਬਰ ਨਵੇਂ-ਨਵੇਂ।

ਸ਼ੀਸ਼ਿਆਂ ਦੇ ਪਹਿਨ ਵਸਤਰ ਤੁਰਦਾਂ ਜਦੋਂ ਵੀ 'ਮਾਨ',
ਜ਼ਿਹਨ ਵਿਚ ਵਜਦੇ ਬੜੇ ਨੇ ਪੱਥਰ ਨਵੇਂ-ਨਵੇਂ।

ਧਰਤ ਤੋਂ ਆਕਾਸ਼ ਤਕ ਹੈ ਪਸਰਿਆ ਹੰਕਾਰ ਵੇਖ।
ਰਹਿ ਗਿਆ ਹੈ ਸਿਮਟ ਕੇ ਅੱਜ ਬੰਦੇ ਦਾ ਆਕਾਰ ਵੇਖ।

ਆਦਮੀ ਦੇ ਜ਼ਿਹਨ ਵਿਚ ਕਾਲਾ ਹਨੇਰਾ ਹੈ ਅਜੇ,
ਤਾਂ ਹੀ ਤਾਂ ਹਰ ਸ਼ਹਿਰ, ਪਿੰਡ 'ਤੇ ਧੁੰਦ ਦਾ ਅਧਿਕਾਰ ਵੇਖ।

ਬੇਖ਼ੁਦੀ ਦੀ ਗੋਦ ਵਿਚ ਮਦਹੋਸ਼ ਨਾ ਹੋ ਇਸ ਤਰਾਂ,
ਲਟਕਦੀ ਹੈ ਸਿਰ 'ਤੇ ਹਰ ਪਲ ਵਕਤ ਦੀ ਤਲਵਾਰ ਵੇਖ।

ਤੂੰ ਤਾਂ ਆਪਣੀ ਸੋਚ ਦੇ ਹੀ ਹਾਸ਼ੀਏ ਵਿਚ ਕੈਦ ਹੈਂ?
ਜੇ ਨਜ਼ਾਰਾ ਤੱਕਣੈਂ ਤਾਂ ਜ਼ਿਹਨ ਦੇ ਉਸ ਪਾਰ ਵੇਖ।

ਓਸਨੇ ਆਕਾਸ਼ ਵਿਚ ਭਰਨੀ ਹੈ ਕੀ ਪਰਵਾਜ਼ ਫਿਰ,
ਜੋ ਕਬੂਤਰ ਛਤਰੀ ਉਤੇ ਬਹਿ ਗਿਆ ਆਹਾਰ ਵੇਖ।

ਦਹਿਲ ਜਾਊ ਦਿਲ ਤੇਰਾ, ਪਥਰਾ ਜਾਊ ਤੇਰੀ ਨਜ਼ਰ,
ਆਪਣੇ ਹੀ ਹਰਫ਼ਾਂ ਹੱਥੋਂ ਮਰ ਰਿਹਾ ਅਖ਼ਬਾਰ ਵੇਖ।

ਜ਼ਿੰਦਗੀ ਦੇ ਦਰਿਆ ਵਿਚ ਡੁੱਬਦਾ ਕਦੇ ਤਰਦਾ ਰਿਹਾ।
ਉਮਰ ਭਰ ਉਹ ਆਪਣੀ ਹੀ ਹੋਂਦ ਨੂੰ ਲੱਭਦਾ ਰਿਹਾ।

ਪਹੁ-ਫੁਟਾਲਾ ਹੋ ਗਿਆ ਤਾਂ ਰਾਜ਼ ਫਿਰ ਹੀ ਖੁੱਲ੍ਹਿਆ,
ਰਾਤ ਭਰ ਰਾਹਬਰ ਹੀ ਸਾਡੀ ਚਾਨਣੀ ਲੁੱਟਦਾ ਰਿਹਾ।

ਜ਼ਿੰਦਗੀ ਦੇ ਅਰਥ ਉਸ ਤੋਂ ਦੂਰ ਹੀ ਹੁੰਦੇ ਗਏ,
ਸੁਪਨਿਆਂ ਦੇ ਬਾਗ਼ ਵਿਚ ਜੋ ਤਿਤਲੀਆਂ ਫੜਦਾ ਰਿਹਾ।

ਸਾਗਰਾਂ ਦੇ ਪਾਣੀਆਂ ਵਿਚ ਅੱਗ ਲੱਗੀ ਵੇਖ ਕੇ,
ਦੂਰ ਤਕ ਮਾਰੂਥਲਾਂ ਵਿਚ ਗੂੰਜਦਾ ਹਾਸਾ ਰਿਹਾ।

ਮਾਣ ਕਾਹਨਾ ਹੈ ਤੁਹਾਨੂੰ, ਕਿਹੜੀ ਤਾਕਤ ਦਾ ਗ਼ਰੂਰ,
ਯਾਰੋ! ਜੇਕਰ ਜ਼ਿਹਨ 'ਤੇ ਹੀ ਗ਼ੈਰ ਦਾ ਕਬਜ਼ਾ ਰਿਹਾ।

ਮਨਾਂ ਵਿਚ ਬਾਲੀਏ ਦੀਵੇ ਕਿ ਘਰ-ਘਰ ਰੌਸ਼ਨੀ ਹੋਵੇ।
ਦਿਲਾਂ ਵਿਚ ਹਰ ਘੜੀ ਹਰ ਪਲ ਮੁਹੱਬਤ ਧੜਕਦੀ ਹੋਵੇ।

ਤੇਰੇ ਸਾਹਾਂ ਦੀ ਖ਼ੁਸ਼ਬੂ ਹਰ ਘੜੀ ਮਹਿਸੂਸ ਕਰਦਾ ਹਾਂ,
ਸਦਾ ਚਾਹਾਂ ਤੇਰੇ ਵਿਹੜੇ 'ਚ ਨੱਚਦੀ ਜ਼ਿੰਦਗੀ ਹੋਵੇ।

ਨਾ ਤੇਰੀ ਪੀੜ ਵੱਖਰੀ ਹੈ, ਨਾ ਮੇਰੀ ਵੇਦਨਾ ਹੈ ਹੋਰ,
ਜੇ ਇਕ ਦੇ ਘਰ 'ਚ ਖੇੜੇ ਨੇ ਤਾਂ ਦੂਜੇ ਘਰ ਖੁਸ਼ੀ ਹੋਵੇ।

ਸੁਬ੍ਹਾ ਉਠ ਕੇ ਹਮੇਸ਼ਾ ਹੀ ਮੈਂ ਬੁੱਲ੍ਹੇ ਸ਼ਾਹ ਨੂੰ ਇਹ ਆਖਾਂ,
ਕਿਸੇ ਦੇ ਬੋਲ ਨਾ ਡੁਸਕਣ, ਨਾ ਸਿੱਲੀ ਅੱਖ ਕੋਈ ਹੋਵੇ।

ਪੁਜਾਰੀ ਇਸ਼ਕ ਦਾ ਹਾਂ ਮੈਂ ਤੇ ਮਹਿਕਾਂ ਦਾ ਹਾਂ ਵਣਜਾਰਾ,
ਸਦਾ ਲੋਚਾਂ ਕਿ ਏਥੇ ਪਿਆਰ ਦੀ ਵਗਦੀ ਨਦੀ ਹੋਵੇ।

ਡਲਕਦੇ ਨੈਣਾਂ ਦੇ ਵਿਚ ਸੁਪਨੇ ਲਈ ਫਿਰਦੇ ਰਹੇ।
ਆਪਣੀ ਹੀ ਲਾਸ਼ ਦੇ ਟੁਕੜੇ ਲਈ ਫਿਰਦੇ ਰਹੇ।

ਵਕਤ ਦੀ ਸਾਜ਼ਿਸ਼ ਸੀ ਇਹ, ਨਾ ਜ਼ਿੰਦਗੀ ਨੂੰ ਵਰ ਸਕੇ,
ਉਮਰ ਭਰ ਹੱਥਾਂ ਦੇ ਵਿਚ ਸਿਹਰੇ ਲਈ ਫਿਰਦੇ ਰਹੇ।

ਰੌਸ਼ਨੀ ਦੀ ਝਲਕ ਮਾਤਰ ਵੀ ਨਹੀਂ ਹੋਈ ਨਸੀਬ,
ਸੁੰਨੀਆਂ ਮੜ੍ਹੀਆਂ 'ਚ ਉਹ ਦੀਵੇ ਲਈ ਫਿਰਦੇ ਰਹੇ।

ਜ਼ਿੰਦਗੀ ਦੀ ਭੂਮਿਕਾ ਵੀ ਹਾਇ! ਸੀ ਕਿੰਨੀ ਅਜੀਬ,
ਦਿਲ 'ਚ ਗ਼ਮ ਪਰ ਬੁੱਲ੍ਹਾਂ 'ਤੇ ਹਾਸੇ ਲਈ ਫਿਰਦੇ ਰਹੇ।

ਜ਼ਖ਼ਮ, ਪੀੜਾਂ, ਹੌਕੇ, ਹੰਝੂ, ਰੋਸੇ-ਰੋਣੇ, ਦਰਦ, ਗ਼ਮ,
ਇਸ ਤਰ੍ਹਾਂ ਦੇ ਕੁਝ ਅਸੀਂ ਤੋਹਫ਼ੇ ਲਈ ਫਿਰਦੇ ਰਹੇ।

ਮੌਤ ਵਾਂਗੂੰ ਨਾ ਕਿਸੇ ਨੇ ਲਾਇਆ ਸਾਨੂੰ ਗਲ ਦੇ ਨਾਲ,
ਜ਼ਿੰਦਗੀ ਵਿਚ ਸੈਂਕੜੇ ਰਿਸ਼ਤੇ ਲਈ ਫਿਰਦੇ ਰਹੇ।

ਦੋਸ਼ ਕੀ ਦੇਈਏ ਕਿਸੇ ਨੂੰ ਆਪਣੀ ਹੀ ਭੁੱਲ ਸੀ 'ਮਾਨ',
ਪੱਥਰਾਂ ਦੇ ਸ਼ਹਿਰ ਵਿਚ ਸ਼ੀਸ਼ੇ ਲਈ ਫਿਰਦੇ ਰਹੇ।



ਖ਼ਹਿਸ਼ਾਂ ਦੀ ਭਾਲ ਕਰ ਜਾਂ ਸੁਪਨਿਆਂ ਦੀ ਕਰ ਤਲਾਸ਼।
ਸਿੱਕਿਆਂ ਦੇ ਦੌਰ ਵਿਚ ਨਾ ਹਾਸਿਆਂ ਦੀ ਕਰ ਤਲਾਸ਼।

ਜ਼ਿੰਦਗੀ ਦੇ ਰੂ-ਬ-ਰੂ ਹੋਵਣ ਦੀ ਹੈ ਜੇ ਤਾਂਘ ਤਾਂ,
ਨ੍ਹੇਰਿਆਂ ਦੇ ਸੀਨਿਆਂ 'ਚੋਂ ਜੁਗਨੂੰਆਂ ਦੀ ਕਰ ਤਲਾਸ਼।

ਦੋਸਤ, ਮਿੱਤਰ ਨੇ ਬਥੇਰੇ, ਰਿਸ਼ਤਿਆਂ ਦੀ ਭੀੜ ਹੈ,
ਐ ਮਨਾ! ਹੁਣ ਦੂਰ ਜਾ ਕੇ ਆਪਣਿਆਂ ਦੀ ਕਰ ਤਲਾਸ਼।

ਵੇਖ ਲਈਂ ਇਸ ਭੀੜ ਨੇ ਤਾਂ ਬਿਖਰ ਜਾਣੈ ਮੋੜ 'ਤੇ,
ਮੰਜ਼ਿਲਾਂ ਮਾਣਨ ਲਈ ਤਾਂ ਰਾਹਬਰਾਂ ਦੀ ਕਰ ਤਲਾਸ਼।

ਰੰਗ ਹੋਵਣ, ਮਹਿਕ ਹੋਵੇ, ਜ਼ਿੰਦਗੀ ਦੀ ਹੋਵੇ ਬਾਤ,
ਸੁੰਨੇ-ਸੁੰਨੇ ਇਸ ਨਗਰ ਵਿਚ ਮਹਿਫ਼ਿਲਾਂ ਦੀ ਕਰ ਤਲਾਸ਼।

ਪੱਥਰਾਂ ਦੇ ਸ਼ਹਿਰ ਵਿਚ ਸੰਗਮਰਮਰੀ ਵਸਨੀਕ ਨੇ,
ਏਥੇ ਨਾ ਤੂੰ 'ਮਾਨ' ਐਵੇਂ ਦਿਲਬਰਾਂ ਦੀ ਕਰ ਤਲਾਸ਼।

ਦਰਦ ਦਾ ਮੈਂ ਗੀਤ ਹਾਂ ਤੇ ਪੀੜ ਦਾ ਨਗਮਾ ਹਾਂ ਮੈਂ।
ਨੀਝ ਲਾ ਕੇ ਪੜ੍ਹ ਲਵੋ ਹਰ ਸ਼ਖ਼ਸ ਦਾ ਚਿਹਰਾ ਹਾਂ ਮੈਂ।

ਆਪਣਾ ਸਭ ਕੁਝ ਲੁਟਾ ਕੇ ਮੰਡੀ ਵਿਚ ਚੁਪ ਚਾਪ ਹੀ,
ਘਰ ਨੂੰ ਵਾਪਸ ਪਰਤਦੇ ਕਿਰਸਾਨ ਦਾ ਹਉਕਾ ਹਾਂ ਮੈਂ।

ਸ਼ਹਿਰ ਦੇ ਇਸ ਚੌਕ ਵਿਚ ਅੱਜ ਗੂੰਜਦੇ ਨੇ ਕਹਿਕਹੇ,
ਏਸ ਥਾਂ ਹੋਇਆ ਦਫ਼ਨ ਮਜ਼ਲੂਮ ਦਾ ਹਾਸਾ ਹਾਂ ਮੈਂ।

ਜ਼ਖ਼ਮ ਮੇਰੇ ਜਿਸਮ ਦੇ ਤੂੰ ਵੇਖ ਕੇ ਨਾ ਮੁਸਕਰਾ,
ਕਾਤਿਲਾਂ ਦੇ ਇਸ ਨਗਰ ਵਿਚ ਇਸ਼ਕ ਦਾ ਜਜ਼ਬਾ ਹਾਂ ਮੈਂ।

ਕੂੜ ਦਾ ਵਿਓਪਾਰ ਕਰਦੇ ਜਲਸਿਆਂ ਦੇ ਰਾਹਬਰੋ!
ਭੀੜ ਦੇ ਹਰ ਜ਼ਿਹਨ ਵਿਚ ਜੋ ਸੁਲਘਦਾ ਨਾਅਰਾ ਹਾਂ ਮੈਂ।

ਮੈਂ ਨਹੀਂ ਸੂਰਜ ਤੇ ਨਾ ਹੀ ਮੈਂ ਕਦੇ ਦਾਅਵਾ ਕਰਾਂ,
ਘੁੱਪ ਹਨੇਰੀ ਰਾਤ ਵਿਚ ਚਾਨਣ ਦਾ ਇਕ ਕਤਰਾ ਹਾਂ ਮੈਂ।

ਰੋਜ਼ ਸਾਡੇ ਦਰ 'ਤੇ ਆਵੇ ਮੁਸ਼ਕਿਲਾਂ ਦਾ ਕਾਫ਼ਲਾ।
ਆਫ਼ਤਾਂ ਨੂੰ ਪਰ ਕੀ ਜਾਣੇ ਹਿੰਮਤਾਂ ਦਾ ਕਾਫ਼ਲਾ।

ਫਿਰ ਕਿਸੇ ਵੀ ਕੋਨੇ ਅੰਦਰ ਠਹਿਰ ਨਹੀਂ ਸਕਣਾ ਹਨੇਰ,
ਸਿਦਕ ਲੈ ਕੇ ਤੁਰ ਪਿਆ ਜਦ ਜੁਗਨੂੰਆਂ ਦਾ ਕਾਫ਼ਲਾ।

ਗਿੱਧਿਆਂ ਦਾ ਵਿਹੜਿਆਂ ਵਿਚ ਕਾਲ ਜਿਹਾ ਪੈ ਗਿਐ,
ਕੋਠਿਆਂ 'ਤੇ ਸਿਸਕਦਾ ਹੈ ਝਾਂਜਰਾਂ ਦਾ ਕਾਫ਼ਲਾ।

ਏਸ ਰਸਮੀ ਦੌਰ ਵਿਚ ਰਲ ਕੇ ਕੋਈ ਕਰੀਏ ਉਪਾਅ,
ਭਟਕਿਆ ਹੀ ਹੋਣੈ ਕਿਧਰੇ ਰਿਸ਼ਤਿਆਂ ਦਾ ਕਾਫ਼ਲਾ।

ਚੜ੍ਹਦੇ ਸੂਰਜ ਨੂੰ ਅਸੀਂ ਕਰਨਾ ਨਹੀਂ ਸਿੱਖੇ ਸਲਾਮ,
ਤਾਂ ਹੀ ਸਾਡੇ ਵੱਲ ਹੈ ਆਉਂਦਾ ਤੂਹਮਤਾਂ ਦਾ ਕਾਫ਼ਲਾ।

ਰੰਗ ਸਮੇਂ ਦੇ ਵੇਂਹਦਾ ਚੱਲ।
ਸੰਗ ਸਮੇਂ ਦੇ ਤੁਰਿਆ ਚੱਲ।

ਕੰਡੇ, ਕੰਕਰ ਚੁਗਦਾ ਚੱਲ।
ਹਾਸੇ, ਖੁਸ਼ਬੂ ਵੰਡਦਾ ਚੱਲ।

ਉੱਚੀ ਸੋਚ 'ਤੇ ਪਹਿਰਾ ਰੱਖ,
ਹੋ ਕੇ ਨਿਮਰ, ਨਿਮਾਣਾ ਚੱਲ।

ਜਿੱਥੇ ਕੂੜ ਹਨੇਰ ਦਿਸੇ,
ਚਾਨਣ ਦੀ ਲੱਪ ਸੁੱਟਦਾ ਚੱਲ।

ਨਫ਼ਰਤ ਵੰਡਦੀ ਬਸਤੀ ਵਿਚ,
ਗੀਤ ਪਿਆਰ ਦੇ ਗਾਉਂਦਾ ਚੱਲ।

ਸ਼ਾਇਦ ਗੂੰਗੇ ਹੋ ਗਏ ਲੋਕ,
ਬੋਲ ਇਨ੍ਹਾਂ ਨੂੰ ਦਿੰਦਾ ਚੱਲ।

ਧੁੱਪ, ਤਸੀਹੇ ਜਿਸਮ ਉੱਤੇ,
ਰੁੱਖਾਂ ਵਾਂਗੂ ਸਹਿੰਦਾ ਚੱਲ।

ਜੀਵਨ ਮਘਦਾ ਰੱਖਣੈ 'ਮਾਨ'
ਸੁਪਨੇ ਨਵੇਂ ਸਜਾਉਂਦਾ ਚੱਲ।

ਹਾਮੀ ਭਾਵੇਂ ਸ਼ੀਸ਼ਿਆਂ ਦੀ ਹਰ ਸਮੇਂ ਭਰਦੇ ਨੇ ਲੋਕ।
ਪਰ ਕਲੋਲਾਂ ਪੱਥਰਾਂ ਦੇ ਨਾਲ ਹੀ ਕਰਦੇ ਨੇ ਲੋਕ।

ਗ਼ੈਰ ਜੇ ਹੌਕਾ ਭਰੇ ਤਾਂ ਉਹ ਵੀ ਲਗਦਾ ਜੁਰਮ ਹੈ
ਖ਼ੁਦ ਗੁਨਾਹ ਕਰਕੇ ਹਜਾਰਾਂ ਪਾਂਵਦੇ ਪਰਦੇ ਨੇ ਲੋਕ।

ਹੰਝੂਆਂ ਦਾ ਖਾਰਾ ਸਾਗਰ ਨਾ ਰਤਾ ਵੀ ਛਲਕਦਾ
ਹਾਸਿਆਂ ਨੂੰ ਬੁੱਲ੍ਹੀਆਂ 'ਤੇ ਬੋਚ ਕੇ ਧਰਦੇ ਨੇ ਲੋਕ।

ਛਾਂਗਦੇ ਛਾਂਵਾਂ ਸੀ ਜਦ ਉਹ, ਰੁੱਖ ਨੂੰ ਪੁੱਛਿਆ ਕਿਸੇ
ਰੁੱਖ ਨੇ ਹੱਸ ਕੇ ਕਿਹਾ ਕਿ ਆਪਣੇ ਘਰ ਦੇ ਨੇ ਲੋਕ।

ਮੋਹ-ਮੁਹੱਬਤ, ਪਿਆਰ ਹੁਣ ਤਾਂ ਬਣ ਗਏ ਰਸਮਾਂ ਜਨਾਬ!
ਰਿਸ਼ਤਿਆਂ ਤੋਂ ਅੱਖ ਬਚਾ ਕੇ ਚੁਗਲੀਆਂ ਕਰਦੇ ਨੇ ਲੋਕ।

'ਮਾਨ' ਤੇਰੇ ਸ਼ਹਿਰ ਦਾ ਦਸਤੂਰ ਹੀ ਇਹ ਬਣ ਗਿਆ
ਊਣਿਆਂ ਨੂੰ ਹੋਰ ਊਣਾ, ਭਰਿਆਂ ਨੂੰ ਭਰਦੇ ਨੇ ਲੋਕ।

ਘਰ ਵਿਚ ਹੈ ਖਾਮੋਸ਼ੀ ਸਾਡੇ ਮਨ ਵਿਚ ਹੈ ਕੁਹਰਾਮ।
ਹਰ ਪਲ ਲੜਦੇ ਰਹੀਏ ਸਾਡੇ ਸਮੇਂ ਦਾ ਇਹ ਸੰਗਰਾਮ।

ਰੋਜ਼ ਸਵੇਰੇ ਨਿਕਲਾਂ ਆਸਾਂ ਦੇ ਫੁੱਲ ਲੈ ਕੇ ਮੈਂ
ਮੇਰੀ ਤਲੀ ਤੇ ਧਰ ਜਾਂਦਾ ਹੈ ਕੌਣ ਉਦਾਸੀ ਸ਼ਾਮ

ਕਾਲਖ ਨੂੰ ਮੈਂ ਕਾਲਖ ਲਿਖਣਾ ਹੀ ਸੀ ਲਿਖ ਦਿੱਤਾ
ਮੇਰੇ ਸਿਰ 'ਤੇ ਸਜ'ਗੇ ਦੁਨੀਆ ਭਰ ਦੇ ਸਭ ਇਲਜ਼ਾਮ

ਇਸ ਨਗਰੀ ਦੇ ਲੋਕੀਂ ਹੋ ਗਏ ਬਹੁਤ ਸਿਆਣੇ ਹੁਣ
ਛਿਪਦੇ ਨੂੰ ਨਾ ਵੇਖਣ, ਇਹ ਚੜ੍ਹਦੇ ਨੂੰ ਕਰਨ ਸਲਾਮ

ਕੋਈ ਤਾਂ ਹੈ ਅਗਨੀ ਜੋ ਧੁਖਦੀ ਮੇਰੇ ਅੰਦਰ
ਹਰ ਪਲ ਰਹਿੰਦੀ ਮਘਦੀ, ਨਾ ਦਿੰਦੀ ਕਰਨ ਆਰਾਮ

ਮਹਿਫ਼ਿਲ ਵਿਚ ਤਾਂ ਲਗਦੇ ਸੀ ਉਹ ਬੌਣੇ ਬੌਣੇ ਲੋਕ
ਬੂਹਿਆਂ ਉਤੇ ਚਿਪਕੇ ਸੀ ਪਰ ਵੱਡੇ ਵੱਡੇ ਨਾਮ।

ਵਗਦਾ ਸੀ ਤਾਂ ਨਿਰਮਲ ਜਲ ਸੀ, ਰੁਕਿਆ ਮੁਸ਼ਕ ਗਿਆ
ਤੁਰਿਆ ਜਾਵੇ 'ਮਾਨ' ਮੁਸਾਫਿਰ, ਵੰਡਦਾ ਇਹ ਪੈਗ਼ਾਮ।

ਉਨ੍ਹਾਂ ਨੇ ਇਸ ਤਰ੍ਹਾਂ ਪਾਈ ਮੇਰੇ ਵਿਸ਼ਵਾਸ ਦੀ ਕੀਮਤ।
ਸਮੁੰਦਰ ਲਈ ਜਿਵੇਂ ਹੁੰਦੀ ਕਿਸੇ ਵੀ ਲਾਸ਼ ਦੀ ਕੀਮਤ।

ਤੁਸੀਂ ਫੁੱਲਾਂ ਦੀ ਵਰਖਾ ਕਰ ਲਵੋ ਲੱਖ ਵਾਰ ਇਹਨਾਂ 'ਤੇ
ਭਲਾ ਪੱਥਰ ਕੀ ਸਮਝਣਗੇ ਕਿਸੇ ਅਹਿਸਾਸ ਦੀ ਕੀਮਤ।

ਪਟਾਖ਼ੇ, ਫੁੱਲਝੜੀਆਂ ਤੇ ਆਤਿਸ਼ਬਾਜੀਆਂ ਨੇ, ਇਹ
ਅਸਾਡੇ ਵੱਲੋਂ ਹਾਜਰ ਹੈ ਤੇਰੇ ਬਨਵਾਸ ਦੀ ਕੀਮਤ।

ਤੁਹਾਡੇ ਵਾਸਤੇ ਸ਼ਾਇਦ ਹੈ ਡਾਲਰ, ਪੌਂਡ ਜਾਂ ਸੋਨਾ
ਕਿਸੇ ਪੰਛੀ ਦਾ ਦਿਲ ਹੀ ਜਾਣਦੈ ਪਰਵਾਸ ਦੀ ਕੀਮਤ।

ਥਲਾਂ ਦੀ ਰੇਤ ਪੈਰਾਂ ਹੇਠ ਸਾਡੇ ਬੁੱਲ੍ਹਾਂ 'ਤੇ ਸਿੱਕਰੀ
ਉਹ ਦਰਿਆ ਦੇ ਕਿਨਾਰੇ ਬੈਠ ਲਾਉਂਦੇ ਪਿਆਸ ਦੀ ਕੀਮਤ।

ਜਦੋਂ ਨੈਣਾਂ ਦੇ ਸਾਵਣ ਦੀ ਝੜੀ ਰੁਕਦੀ ਨਾ ਇਕ ਪਲ ਵੀ
ਉਦੋਂ ਮਹਿਸੂਸ ਹੁੰਦੀ ਹੈ ਕਿਸੇ ਧਰਵਾਸ ਦੀ ਕੀਮਤ।

ਉਹਨਾਂ ਦਾ ਹਰ ਇਕ ਹੀ ਵਾਅਦਾ ਮੈਨੂੰ ਤਾਂ ਛਲ ਲਗਦਾ ਹੈ।
ਜਿਸਨੂੰ ਉਹ ਦਰਿਆ ਕਹਿੰਦੇ ਨੇ, ਉਹ ਮਾਰੂਥਲ ਲਗਦਾ ਹੈ।

ਧੁੱਪਾਂ, ਪੱਤਝੜ, ਝੱਖੜ-ਝੋਲੇ, ਨੰਗੇ ਪਿੰਡੇ ਸਹਿ ਸਹਿ ਕੇ
ਫਿਰ ਹੀ ਉਹ ਰੁੱਤ ਆਉਂਦੀ ਹੈ ਜਦ ਰੁੱਖਾਂ ਨੂੰ ਫਲ ਲਗਦਾ ਹੈ।

ਕਿੰਨਾ ਸੁਹਣਾ ਸ਼ਹਿਰ ਹੈ ਤੇਰਾ, ਐਸ਼, ਨਜ਼ਾਰੇ, ਜਗਮਗ ਬਹੁਤ
ਸਚ ਪੁੱਛੇਂ ਤਾਂ ਕਦੇ ਕਦੇ ਇਹ ਮੈਨੂੰ ਜੰਗਲ ਲਗਦਾ ਹੈ।

ਗਲੀਆਂ ਦੇ ਵਿਚ ਮੌਤ ਦਾ ਹੋਕਾ ਸੁਣ ਕੇ ਮੈਂ ਖਾਮੋਸ਼ ਰਿਹਾ
ਜਦ ਵੀ ਸ਼ੀਸ਼ਾ ਵੇਖਾਂ, ਮੈਨੂੰ ਆਪਾ ਕਾਤਲ ਲਗਦਾ ਹੈ।

ਨ੍ਹੇਰੇ ਅੰਦਰ ਚਾਨਣ ਚਾਨਣ ਹਰ ਪਲ ਕੂਕੇ, ਹੈ ਇਹ ਕੌਣ ?
'ਮਾਨ' ਕੋਈ ਇਹ ਸ਼ਾਇਰ ਹੈ ਜਾਂ ਫੱਕਰ, ਪਾਗਲ ਲਗਦਾ ਹੈ।

ਆਖਿਰ ਉਡ ਹੀ ਜਾਣੈ ਉਹਨਾਂ ਤੇਜ਼ ਹਨੇਰੀ ਨਾਲ।
ਜੋ ਬਿਸਤਰ ਵਿਚ ਜਾ ਸੌਂਦੇ ਨੇ, ਸੁਣ ਮੌਸਮ ਦਾ ਹਾਲ

ਸੁੰਨਾ ਸੁੰਨਾ ਸ਼ਹਿਰ ਹੈ ਅੱਜ ਕੱਲ, ਹੋਇਆ ਕੀ ਇਹ ਕਹਿਰ
ਰੰਗ ਗਵਾਚੇ, ਸੋਚ ਸਰਾਪੀ, ਖੰਡਰ ਬਣੇ ਖ਼ਿਆਲ।

ਰੀਝਾਂ, ਸੱਧਰਾਂ, ਚਾਵਾਂ ਨੂੰ ਖ਼ੁਦ ਹੱਥੀਂ ਦਫਨਾ ਕੇ
ਇਸ ਆਲਮ ਵਿਚ ਫਿਰ ਵੀ ਲੋਕੀਂ ਅਖਵਾਉਂਦੇ ਖੁਸ਼ਹਾਲ।

ਆਪਣੇ ਹੱਡ ਬਾਲ ਕੇ ਆਪੇ ਸੇਕ ਰਹੇ ਹਾਂ ਅੱਗ
ਸਾਡੇ ਸਮਿਆਂ ਵਿਚ ਆਇਆ ਹੈ ਡਾਢਾ ਸਰਦ ਸਿਆਲ।

ਚਾਰ ਚੁਫੇਰਾ ਝੁਲਸ ਰਹੀ ਹੈ ਚੰਦਰੀ, ਰੁੱਖੀ ਪੌਣ
ਚਿਹਰੇ ਉਤੇ ਰੌਣਕ ਲੱਭੀਏ, ਹੱਥੀਂ ਫੜੇ ਰੁਮਾਲ।

ਥਾਂ ਥਾਂ ਕੰਡੇ, ਕੰਕਰ ਵੇਖਾਂ, ਉੱਤੇ ਜ਼ਖਮੀ ਪੈਰ
ਜਦ ਕਿਧਰੇ ਵੀ ਵਿਗੜੇ ਵੇਖਾਂ ਜੀਵਨ ਦੇ ਸੁਰਤਾਲ।

ਆਪਣੇ ਘਰ ਦੀ ਪਤਝੜ ਏਦਾਂ ਦੂਰ ਭਜਾਵਾਂ ਮੈਂ।
ਮਨ ਦੇ ਵਿਹੜੇ ਨਿੱਤ ਨਵੇਂ ਕੁਝ ਫੁੱਲ ਸਜਾਵਾਂ ਮੈਂ।

ਰੋਜ਼ ਸਵੇਰੇ ਉਗ ਪੈਂਦੇ ਨੇ, ਦਸ ਸਿਰ ਹੋਰ ਨਵੇਂ
ਆਪਣੇ ਮਨ ਦਾ ਰਾਵਣ ਸ਼ਾਮੀਂ ਰੋਜ਼ ਜਲਾਵਾਂ ਮੈਂ।

ਤਨ-ਧਰਤੀ ਦਾ ਕੌਨਾ ਕੌਨਾ ਪਲ ਵਿਚ ਗਾਹ ਲਵਾਂ
ਮਨ-ਅੰਬਰ ਦੀ ਪਰਕਰਮਾ ਦੀ ਥਾਹ ਨਾ ਪਾਵਾਂ ਮੈਂ।

ਉਸ ਪੱਥਰ ਦਾ ਮਨ ਵੀ ਸ਼ਾਇਦ ਕਦੇ ਤਾਂ ਪਿਘਲ ਪਵੇ
ਸ਼ਾਮ ਸਵੇਰੇ ਕਿੰਨੇ ਹੀ ਫੁੱਲ ਬਲੀ ਚੜਾਵਾਂ ਮੈਂ।

ਭਟਕੇ ਸੁਪਨੇ ਜਿੱਥੇ ਬਹਿ ਕੇ ਕੁਝ ਪਲ ਕਰਨ ਆਰਾਮ
ਮਨ ਦੀ ਦੁਨੀਆਂ ਅੰਦਰ ਲੱਭਾਂ ਉਹ ਸਿਰਨਾਵਾਂ ਮੈਂ।

ਸ਼ੀਸ਼ਾ ਮੈਨੂੰ 'ਮੁਜਰਿਮ ਮੁਜਰਿਮ' ਆਖੇ ਅਕਸਰ 'ਮਾਨ'
ਨ੍ਹੇਰੇ ਦੀ ਸੱਥ ਅੰਦਰ ਬਹਿ ਕੇ 'ਜੱਜ' ਕਹਾਵਾਂ ਮੈਂ।

ਇਨਸਾਨਾਂ ਦੀ ਖੁਸ਼ਬੂ ਲੱਭਦੈ ਇਸ ਨਗਰੀ ਚੋਂ 'ਮਾਨ'
ਬੱਚਿਆਂ ਵਰਗੇ ਭੋਲੇ ਮਨ ਨੂੰ ਕਿੰਜ ਸਮਝਾਵਾਂ ਮੈਂ।

ਸਾਂਝ, ਮੁਹੱਬਤ, ਚਾਹਤ ਭੁੱਲ ’ਗੇ।
ਹਾਇ ! ਲੋਕ ਵਿਰਾਸਤ ਭੁੱਲ ’ਗੇ।

ਚਿਹਰੇ ’ਤੇ ਨਿੱਤ ਨਵਾਂ ਹੀ ਚਿਹਰਾ
ਆਪਣੀ ਅਸੀਂ ਸ਼ਨਾਖਤ ਭੁੱਲ ’ਗੇ।

ਤਹਿਜ਼ੀਬ ਨਵੀਂ ਘਰ ਘਰ ਵੜ ’ਗੀ
ਰਿਸ਼ਤੇ ਜਿਵੇਂ ਨਜ਼ਾਕਤ ਭੁੱਲ ’ਗੇ।

ਚਮਕ ਦਮਕ ਦੇ ਅੰਨ੍ਹੇ ਯੁਗ ਵਿਚ
ਬੀਬੇ ਲੋਕ ਲਿਆਕਤ ਭੁੱਲ ’ਗੇ।

ਪਿੰਡ ਦੇ ਸਾਊ ਲੋਕ ਸੀ, ਉਹ ਵੀ
ਸੱਥਾਂ ਵਿਚਲੀ ਤਾਕਤ ਭੁੱਲ ’ਗੇ।

ਮਨ ਅੰਦਰ ਕੁਹਰਾਮ ਬੜਾ ਹੈ
ਕਾਹਤੋਂ ਲੋਕ ਸ਼ਰਾਫਤ ਭੁੱਲਗੇ?

ਇਸ ਤੋਂ ਵੱਡਾ ਹੋਰ ਕੀ ਮਿਹਣਾ?
ਲੋਕ-ਅਖਾਣ, ਕਹਾਵਤ ਭੁੱਲਗੇ।

ਨੈੱਟ, ਫੋਨ 'ਤੇ ਇਨਵੀਟੇਸ਼ਨ
ਮਾਖਿਓਂ ਮਿੱਠੀ ਦਾਅਵਤ ਭੁੱਲਗੇ।

ਲੋਕ ਉਦੋਂ ਇਨਸਾਨ ਬਣਨਗੇ
'ਮਾਨ' ਇਹ ਜਦੋਂ ਸਿਆਸਤ ਭੁੱਲਗੇ।



ਪਿਆਰ, ਮੁਹੱਬਤ, ਕਵਿਤਾ ਲਿਖਣਾ ਚਾਹੁੰਦਾ ਹਾਂ।
ਦਿਲ ਦਾ ਵਰਕਾ ਵਰਕਾ ਪੜ੍ਹਨਾ ਚਾਹੁੰਦਾ ਹਾਂ।

ਕੰਡੇ, ਸੂਲਾਂ ਚੁੰਮ ਲਾਂ, ਵੰਡਾਂ ਰੰਗ-ਸੁਗੰਧ
ਹਰ ਪਲ ਫੁੱਲਾਂ ਵਾਂਗੂੰ ਖਿੜਨਾ ਚਾਹੁੰਦਾ ਹਾਂ।

ਮਨ ਦੀ ਧਰਤੀ, ਬਣ ਜਾਵੇ ਨਾ ਮਾਰੂਥਲ
ਸਾਵਣ ਵਾਂਗੂੰ ਛਮ ਛਮ ਵਰਨਾ ਚਾਹੁੰਦਾ ਹਾਂ।

ਯੰਤਰ ਐਸਾ ਦੇਵੋ! ਹਸਤੀ ਮਾਪ ਲਵਾਂ
ਧਰਤੀ ਉਤੇ ਤੁਰਨਾ ਸਿੱਖਣਾ ਚਾਹੁੰਦਾ ਹਾਂ।

ਮੈਨੂੰ ਮੇਰਾ ਆਪਾ ਹਰਦਮ ਰੋਕ ਲਵੇ
ਮੈਂ ਸ਼ੀਸ਼ੇ ਦੇ ਸਨਮੁੱਖ ਖੜਨਾ ਚਾਹੁੰਦਾ ਹਾਂ।

ਰਿਸ਼ਤੇ, ਨਾਤੇ, ਗਰਜ਼ਾਂ, ਪੈਸਾ-ਧੇਲਾ 'ਮਾਨ'
ਰੂਹ ਤੋਂ ਸਾਰੇ ਪੱਥਰ ਲਾਹੁਣਾ ਚਾਹੁੰਦਾ ਹਾਂ।



ਬਣੇ ਖ਼ੁਦਾ ਨੇ ਪੱਥਰ ਸ਼ਹਿਰ ਦੀ ਜੂਹ ਅੰਦਰ।
ਰੁਲਦੇ ਫਿਰਦੇ ਅੱਖਰ ਸ਼ਹਿਰ ਦੀ ਜੂਹ ਅੰਦਰ।

ਕਿੱਥੇ ਜਾਵਣ ਭੋਲੇ-ਭਾਲੇ ਇਹ ਇਨਸਾਨ
ਥਾਂ ਥਾਂ ਮਸਜਿਦ ਮੰਦਰ ਸ਼ਹਿਰ ਦੀ ਜੂਹ ਅੰਦਰ।

ਲਿਸ਼ਕੇ ਪੁਸ਼ਕੇ ਜਿਸਮਾਂ ਦੇ ਮਨਮੋਹਣੇ ਮਹਿਲ
ਰੂਹਾਂ ਦੇ ਨੇ ਖੰਡਰ ਸ਼ਹਿਰ ਦੀ ਜੂਹ ਅੰਦਰ।

ਲੂਣ ਤੇਲ ਦੀ ਬਾਜੀ ਜਿੱਤ ਕੇ ਬਣਨ ਮਹਾਨ
ਘਰ ਘਰ ਕਈ ਸਿਕੰਦਰ ਸ਼ਹਿਰ ਦੀ ਜੂਹ ਅੰਦਰ।

ਉਚੇ ਬੰਗਲੇ, ਦੌਲਤ, ਰੁਤਬੇ, ਵੱਡੇ ਲੋਕ
ਨਿੱਕੇ ਨਿੱਕੇ ਅੰਬਰ ਸ਼ਹਿਰ ਦੀ ਜੂਹ ਅੰਦਰ।

ਨਾ ਸੁਪਨੇ, ਨਾ ਰੀਝਾਂ ਤੇ ਨਾ ਰੰਗ ਤਰੰਗ
ਵਿਛੇ ਮਨਾਂ ਵਿਚ ਸੱਥਰ ਸ਼ਹਿਰ ਦੀ ਜੂਹ ਅੰਦਰ।

ਮੈਂ ਸ਼ਾਇਰ ਹਾਂ, ਕੋਮਲ ਜਜ਼ਬੇ, ਕੋਮਲ ਮਨ
ਭਾਰੇ ਭਾਰੇ ਪੱਥਰ ਸ਼ਹਿਰ ਦੀ ਜੂਹ ਅੰਦਰ।

ਦਮਗਜੇ ਤਾਂ ਦੋਸਤੀ ਦੇ ਮਾਰਦਾ ਹੈ ਆਦਮੀ।
ਸੀਨੇ ਅੰਦਰ ਨਫਰਤਾਂ ਉਂਜ ਪਾਲਦਾ ਹੈ ਆਦਮੀ।

ਰਾਤ ਦਿਨ ਰਹਿੰਦਾ ਹੈ ਭਾਵੇਂ ਪਾਣੀਆਂ ਨੂੰ ਰਿੜਕਦਾ
ਫੇਰ ਵੀ ਮੱਖਣ ਦੇ ਪੇੜੇ ਭਾਲਦਾ ਹੈ ਆਦਮੀ।

ਜ਼ਿਹਨ ਦੇ ਹਰ ਕੋਨੇ ਅੰਦਰ ਸਜ ਰਹੇ ਬਾਜ਼ਾਰ ਨੇ
ਰਿਸ਼ਤਿਆਂ ਨੂੰ ਭਾਨ ਵਾਗੂੰ ਖਰਚਦਾ ਹੈ ਆਦਮੀ।

ਖੂਬਸੂਰਤ ਮਹਿਲ ਨੇ, ਸੁਖ, ਐਸ਼ ਦੇ ਸਾਧਨ ਅਨੇਕ
ਫੇਰ ਵੀ ਬਣਨਾ ਪਰਿੰਦਾ ਲੋਚਦਾ ਹੈ ਆਦਮੀ।

ਦੌਲਤਾਂ ਤੇ ਸ਼ੁਹਰਤਾਂ ਦੀ ਹਵਸ ਰਹਿੰਦੀ ਹਰ ਸਮੇਂ
'ਮਾਨ' ਵੈਸੇ ਸਾਧ, ਫੱਕਰ ਜਾਪਦਾ ਹੈ ਆਦਮੀ।

ਹਰ ਪੰਨੇ 'ਤੇ ਹਵਸ, ਭੁੱਖ ਤੇ ਰੂਹਾਂ ਦੇ ਲੰਗਾਰ ਮਿਲੇ।
ਅੱਜ ਕੱਲ੍ਹ ਕੇਹੇ ਤੋਹਫੇ ਲੈ ਕੇ ਸਾਨੂੰ ਇਹ ਅਖ਼ਬਾਰ ਮਿਲੇ।

ਕੀ ਹੋਇਆ ਜੇ ਰਿਸ਼ਤੇ-ਨਾਤੇ, ਨਾ ਬੇਲੀ ਨਾ ਯਾਰ ਮਿਲੇ।
ਮਤਲਬ, ਧੋਖਾ, ਝੂਠ, ਫਰੇਬ ਤਾਂ ਹੋ ਕੇ ਪੱਬਾਂ ਭਾਰ ਮਿਲੇ।

ਸ਼ਹਿਰ ਤੇਰੇ ਵਿਚ ਸੋਨਾ, ਚਾਂਦੀ, ਸਿੱਕੇ ਦਾ ਵਿਉਪਾਰ ਮਿਲੇ।
ਬੰਦੇ ਏਥੇ ਇਉਂ ਮਿਲਦੇ ਨੇ ਜਿਉਂ ਕੋਈ ਲਾਚਾਰ ਮਿਲੇ।

ਕੰਧਾਂ ਨੇ ਤਾਂ ਕੰਬਣਾ ਹੀ ਸੀ, ਸਭ ਛੱਤਾਂ ਵੀ ਤਿੜਕਗੀਆਂ
ਘਰ ਦੇ ਰਿਸ਼ਤੇ ਜਦ ਆਪਸ ਵਿਚ ਕਰਦੇ ਵਣਜ ਵਪਾਰ ਮਿਲੇ।

ਘਰ ਦੇ ਹਰ ਇਕ ਕੋਨੇ ਅੰਦਰ ਸੁਹਣੇ ਸੁਹਣੇ ਸੋਂਹਦੇ ਫੁੱਲ
ਹਵਸਾਂ ਅੰਦਰ ਭਟਕੇ ਮਨ ਨੂੰ ਕਿੱਥੋਂ ਚੈਨ ਕਰਾਰ ਮਿਲੇ।

ਕਦੇ ਕਦਾਈਂ ਆ ਕੇ ਪਲ ਵਿਚ ਸਾਨੂੰ ਮੋਹ ਲੈਂਦਾ ਹੈਂ 'ਮਾਨ'
ਤੇਰਾ ਮਿਲਣਾ ਇਉਂ ਲਗਦਾ ਹੈ ਜਿਉਂ ਕੋਈ ਸਰਕਾਰ ਮਿਲੇ।

ਪੈਰ ਜਿਸਦਾ ਧਰਤ ’ਤੇ ਟਿਕਿਆ ਰਹੇਗਾ ਹਰ ਸਮੇਂ।
ਅੰਬਰਾਂ ਦੀ ਭਾਲ ਉਹ ਕਰਦਾ ਰਹੇਗਾ ਹਰ ਸਮੇਂ।

ਦੀਵਿਆਂ ਨੇ ਤੋੜ ਦੇਣੈਂ ਭਰਮ ਇਕ ਦਿਨ ਨ੍ਹੇਰ ਦਾ
ਇਹ ਨਾ ਸਮਝੋ ਰਾਤ ਦਾ ਪਹਿਰਾ ਰਹੇਗਾ ਹਰ ਸਮੇਂ।

ਜ਼ਿੰਦਗੀ ਨੇ ਸੀਨਿਆਂ ਵਿਚ ਧੜਕਣੈਂ ਏਸੇ ਤਰ੍ਹਾਂ
ਵਕਤ ਭਾਵੇਂ ਸਾਜ਼ਿਸ਼ਾਂ ਘੜਦਾ ਰਹੇਗਾ ਹਰ ਸਮੇਂ।

ਇਸ ਤਰ੍ਹਾਂ ਵਿਸ਼ਵਾਸ ਮੇਰਾ ਉਨ੍ਹਾਂ ਕੀਤਾ ਚੂਰ ਚੂਰ
ਮੇਰੇ ਸੀਨੇ ਇਕ ਸਿਵਾ ਧੁਖਦਾ ਰਹੇਗਾ ਹਰ ਸਮੇਂ।

ਮੈਂ ਤਾਂ ਕੌਨੇ ਵਿਚ ਸਜਾ ਕੇ ਰੱਖਿਆ ਪੱਥਰ ਸੀ ‘ਮਾਨ’
ਕੀ ਪਤਾ ਸੀ ਕਿ ਖ਼ੁਦਾ ਬਣਿਆ ਰਹੇਗਾ ਹਰ ਸਮੇਂ।